੧ੴ ਵਾਹਿਗੁਰੂ ਜੀ ਕੀ ਫਤਹਿ॥

# ਪਲੈ ਤੈਡੈ ਲਾਗੀ


: ਲੇਖਕ :

ਡਾ. ਸਰੂਪ ਸਿੰਘ ਅਲੱਗ



: ਪ੍ਰਕਾਸ਼ਕ :

ਧਰਮ ਪ੍ਰਚਾਰ ਕਮੇਟੀ

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ

ਨਵੀਂ ਦਿੱਲੀ

ਗਿਆਨੀ ਸਰੂਪ ਸਿੰਘ ਕਡਿਆਣਾ
ਪੰਥਕ
ਢਾਡੀ ਜੱਥਾ
98150-03075

# 1

# ਸਿੱਖ ਸਮਾਜ ਵਿਚ ਜੈ ਮਾਲਾ ਅਪਰਵਾਨ ਕਿਉਂ ?

ਪੁਰਾਣਿਆਂ ਸਮਿਆਂ ਵਿਚ ਜੀਵਨ ਬੜਾ ਸਰਲ ਤੇ ਸਾਦਾ ਸੀ ਅਤੇ ਕਈ ਐਸੀਆਂ ਕੀਮਤਾਂ ਕਦਰਾਂ ਉੱਤੇ ਜ਼ੋਰ ਦਿੱਤਾ ਜਾਂਦਾ ਸੀ ਜਿਨ੍ਹਾਂ ਦੀ ਬਦੌਲਤ ਜੀਵਨ ਨਿਰਬਾਹ ਠੀਕ ਢੰਗ ਨਾਲ ਅਤੇ ਇਜ਼ਤਦਾਰੀ ਨਾਲ ਚਲ ਸਕਦਾ ਹੋਵੇ। ਇਸੇ ਪ੍ਰਭਾਵ ਹੇਠ ਪੁਰਾਣੇ ਸਮਿਆਂ ਵਿਚ ਹਿੰਦੂ ਸਮਾਜ ਵਿਚ ਵਿਆਹ ਦੇ ਸਮੇਂ ਸਵੰਬਰ ਦੀ ਪ੍ਰਥਾ ਪ੍ਰਚਲਤ ਸੀ। ਜੇ ਕਿਸੇ ਲੜਕੀ ਦੇ ਘਰਾਣੇ ਵਾਲਿਆਂ ਨੂੰ ਬਹਾਦਰ ਜਵਾਈ ਦੀ ਇੱਛਾ ਹੁੰਦੀ ਤਾਂ ਉਹ ਆਪਣੀ ਲੜਕੀ ਦੇ ਸਵੰਬਰ ਵਿਚ ਕੋਈ ਅਜਿਹੀ ਸ਼ਰਤ ਰੱਖ ਦੇਂਦੇ ਜਿਹੜੀ ਬਹਾਦਰੀ ਦੇ ਗੁਣਾਂ ਨਾਲ ਪਰਮੁਖ ਰੂਪ ਵਿਚ ਪਰੀਪੂਰਨ ਹੁੰਦੀ। ਇਸ ਸਿਲਸਿਲੇ ਵਿਚ ਸੀਤਾ ਸਵੰਬਰ, ਦਰੋਪਤੀ ਸਵੰਬਰ ਦੀ ਗਾਥਾ ਤੋਂ ਹਰ ਭਾਰਤੀ ਭਲੀ ਭਾਂਤ ਪਰੀਚਤ ਹੈ। ਜਦ ਕੋਈ ਲੜਕਾ ਸਵੰਬਰ ਵਿਚ ਨਿਸਚਤ ਕੀਤੀ ਸ਼ਰਤ ਨੂੰ ਸਾਰਿਆਂ ਦੇ ਸਾਹਮਣੇ ਪੂਰੀ ਕਰਦਾ ਤਾਂ ਸਬੰਧਤ ਲੜਕੀ ਭਰੇ ਸਮਾਗਮ ਵਿਚ ਉਸਦੇ ਗਲ ਵਿਚ ਜੈ ਮਾਲਾ ਪਾ ਕੇ ਉਸਨੂੰ ਆਪਣਾ ਪਤੀ ਸਵੀਕਾਰ ਕਰ ਲੈਂਦੀ ਤੇ ਇਵੇਂ ਵਿਜੇਤਾ ਦੇ ਗਲ ਵਿਚ ਜੈ ਮਾਲਾ ਪਾਉਣ ਨਾਲ ਵਿਆਹ ਦੀ ਰਸਮ ਸੰਪੰਨ ਸਮਝੀ ਜਾਂਦੀ ਸੀ।

ਸਿੱਖ ਸਮਾਜ ਵਿਚ ਆਨੰਦ ਕਾਰਜ ਪਰਨਾਲੀ ਨੂੰ ਗੁਰੂ ਸਾਹਿਬਾਨ ਨੇ ਪਰਚਲਤ ਕੀਤਾ ਹੈ ਅਤੇ ਹਰ ਗੁਰਸਿਖ ਵਿਅਕਤੀ ਗੁਰੂ ਗ੍ਰੰਥ ਸਾਹਿਬ ਦਾ ਓਟ ਆਸਰਾ ਲੈ ਕੇ ਜਦ ਆਪਣੀ ਲੜਕੀ ਜਾਂ ਲੜਕੇ ਦਾ ਆਨੰਦ ਕਾਰਜ ਰਚਾਉਂਦਾ ਹੈ ਤਦ ਉਸ ਮਰਿਆਦਾ ਅਤੇ ਉਨ੍ਹਾਂ ਸਾਰੀਆਂ ਰਸਮਾਂ ਗੀਤਾਂ ਦੀ ਪਾਲਣਾ ਕੀਤੀ ਜਾਂਦੀ ਹੈ ਜਿਹੜੀਆਂ ਗੁਰਸਿਖੀ ਮਰਿਆਦਾ ਦੇ ਅਨੁਕੂਲ ਹੋਣ ਪਰ ਦੇਖੋ ਦੇਖੀ ਕਈ ਸਿੱਖ ਘਰਾਂ ਵਿਚ ਵੀ ਲੜਕੇ ਲੜਕੀ ਵਲੋਂ ਵਿਆਹ ਸਮੇਂ ਸ਼ੌਕੀਆ ਤੌਰ ਤੇ ਜੈ ਮਾਲਾ ਦੀ ਰਸਮ ਕਰਵਾਈ ਜਾਂਦੀ ਹੈ। ਜਦ ਲੜਕਾ ਬਰਾਤ ਲੈ ਕੇ ਲੜਕੀ ਦੇ ਘਰ ਆਉਂਦਾ ਹੈ ਤਾਂ ਮਿਲਣੀ ਤੋਂ ਮਗਰੋਂ ਲੜਕੀ ਤੇ ਲੜਕਾ ਇਕ ਵਿਸ਼ੇਸ਼ ਤੌਰ ਤੇ ਸਜਾਏ ਮੰਚ ਤੇ ਇਕ ਦੂਜੇ ਦੇ ਗਲਾਂ ਵਿਚ ਹਾਰ ਪਾ ਕੇ ਜੈ ਮਾਲਾ ਦਾ ਸ਼ੌਕ ਪੂਰਾ ਕਰਦੇ ਹਨ। ਨਾ ਤਾਂ ਹਿੰਦੂ ਪਰਿਵਾਰਾਂ ਵਿਚ ਤੇ ਨਾ ਹੀ ਸਿੱਖ ਪਰਿਵਾਰਾਂ ਵਿਚ ਇਸ ਸ਼ੌਕ ਨੂੰ ਪੂਰਾ ਕਰਨ ਤੋਂ ਇਲਾਵਾ ਇਸ ਰਸਮ ਦੀ ਕੋਈ ਹੋਰ ਮਹੱਤਤਾ ਮੰਨੀ ਜਾਂਦੀ ਹੈ। ਹਿੰਦੂ ਪਰਿਵਾਰ ਵੀ ਜੈ ਮਾਲਾ

ਤੋਂ ਮਗਰੋਂ ਬੱਚੇ ਬੱਚੀ ਦੇ ਹਵਨ ਦੇ ਇਰਦ ਗਿਰਦ ਸਤ ਫੇਰੇ ਦਵਾ ਕੇ ਹੀ ਵਿਆਹ ਦੀ ਰਸਮ ਨੂੰ ਪੂਰਾ ਸਮਝਦੇ ਹਨ। ਜੈ ਮਾਲਾ ਦੇ ਪੁਰਾਣੇ ਇਤਿਹਾਸ ਨੂੰ ਭਲੀ ਭਾਂਤ ਜਾਣਦਿਆਂ ਤੇ ਧਿਆਨ ਵਿੱਚ ਰੱਖਦਿਆਂ ਹੋਇਆਂ ਵੀ ਉਹ ਕੇਵਲ ਜੈ ਮਾਲਾ ਪਾਉਣ ਨਾਲ ਸ਼ਾਦੀ ਦੀ ਸੰਪੂਰਣਤਾ ਨੂੰ ਨਹੀਂ ਮੰਨਦੇ ਜਦਕਿ ਪੁਰਾਣਿਆਂ, ਜ਼ਮਾਨਿਆਂ ਵਿਚ ਇਹ ਜੈ ਮਾਲਾ ਵਿਆਹ ਦੀ ਰਸਮ ਨੂੰ ਸੰਪੂਰਣਤਾ ਬਖਸ਼ਣ ਦੀ ਮੁਕੰਮਲ ਵਿਧੀ ਸਮਝੀ ਜਾਂਦੀ ਸੀ। ਇਸ ਲਈ ਜਦ ਅਜੋਕੇ ਸਮਾਜ ਵਿਚ ਇਸ ਜੈ ਮਾਲਾ ਦਾ ਕੋਈ ਅਸਰ ਅਤੇ ਅਰਥ ਹੀ ਬਾਕੀ ਨਹੀਂ ਰਹਿ ਗਿਆ ਤਾਂ ਇਸ ਨੂੰ ਇਕ ਤਮਾਸ਼ਾ ਬਣਾਉਣਾ ਕੋਈ ਸ਼ੋਭਨੀਕ ਗੱਲ ਨਹੀਂ ਸਗੋਂ ਇਕ ਪੁਰਾਣੀ ਵਿਆਹ ਰਸਮ ਦੀ ਖਿੱਲੀ ਉਡਾਣ ਸਮਾਨ ਹੈ। ਇਸ ਲਈ ਇਸ ਬੇਲੋੜੀ ਰਸਮ ਨੂੰ ਹੁਣ ਤਾਂ ਹਿੰਦੂ ਸਮਾਜ ਵਿਚ ਵੀ ਬਣਾਈ ਰੱਖਣਾ ਬੇਲੋੜਾ ਤੇ ਅਰਥਹੀਨ ਜਾਪਦਾ ਹੈ। ਹਾਂ ਅਖਬਾਰਾਂ ਦੀਆਂ ਰਪੋਟਾਂ ਤੋਂ ਪਤਾ ਲਗਦਾ ਹੈ ਕਿ ਬਿਹਾਰ ਦੇ ਅਤੀ ਗਰੀਬ ਪ੍ਰਾਂਤ ਦੇ ਸਾਬਕਾ ਮੁੱਖ ਮੰਤਰੀ ਸ੍ਰੀ ਲਾਲੂ ਪ੍ਰਸ਼ਾਦ ਯਾਦਵ ਦੀ ਦੂਜੀ ਲੜਕੀ ਦੀ ਸ਼ਾਦੀ ਤੇ ਜੋ ਜੈ ਮਾਲਾ ਮੰਡਪ ਬਣਾਇਆ ਗਿਆ ਸੀ ਉਸ ਤੇ ਕਰੋੜਾਂ ਰੁਪਏ ਖਰਚ ਆਏ ਹਨ। ਇਕ ਅਖਬਾਰੀ ਅਨੁਮਾਨ ਅਨੁਸਾਰ ਸਮੁੱਚੀ ਸ਼ਾਦੀ ਤੇ 100 ਕਰੋੜ ਤੋਂ ਕਿਤੇ ਵਧ ਰਕਮ ਖਰਚ ਆਈ। ਪਤਾ ਨਹੀਂ ਇਹ ਲੀਡਰ ਇਸ ਗਰੀਬ ਦੇਸ਼ ਵਿੱਚ ਅਜਿਹੇ ਪਰਪੰਚ ਰਚਾ ਕੇ ਸਮਾਜ ਅਤੇ ਦੇਸ਼ ਵਾਸੀਆਂ ਨੂੰ ਕੀ ਸੰਦੇਸ਼ ਦੇਣਾ ਚਾਹੁੰਦੇ ਹਨ। ਦਿਲਚਸਪ ਗੱਲ ਇਹ ਵੀ ਹੈ ਕਿ ਲਾਲੂ ਯਾਦਵ ਦੀ ਧਰਮ ਪਤਨੀ ਬਿਹਾਰ ਦੀ ਮੁੱਖ ਮੰਤਰੀ ਅੱਜ ਵੀ ਹੈ ਅਤੇ ਯਾਦਵ ਪਰਵਿਾਰ ਦੋ ਦਹਾਕੇ ਪਹਿਲੇ ਤਕ ਅਤਿ ਗਰੀਬੀ ਵਿੱਚ ਗਰੱਸਿਆ ਹੋਇਆ ਸੀ।

ਜਿਥੇ ਤਕ ਸਿੱਖ ਸੰਸਾਰ ਦਾ ਸਬੰਧ ਹੈ ਉਥੇ ਤਾਂ ਆਨੰਦ ਕਾਰਜ ਵਿਧੀ ਅਨੁਸਾਰ ਹੀ ਹਰ ਰਸਮ ਪੂਰੀ ਕੀਤੀ ਜਾਂਦੀ ਹੈ ਅਤੇ ਅਵੱਸ਼ ਹੀ ਕੀਤੀ ਜਾਣੀ ਚਾਹੀਦੀ ਹੈ ਕਿਉਂਕਿ ਉਥੇ ਹਰ ਗੱਲ ਦਾ ਆਪਣਾ ਸਲੀਕਾ ਹੈ, ਆਪਣੀ ਮਹੱਤਤਾ ਹੈ, ਆਪਣੀ ਮਰਿਆਦਾ ਹੈ, ਆਪਣੀ ਪਰੰਪਰਾ ਹੈ ਅਤੇ ਆਪਣੀ ਹੀ ਰਹੁ-ਰੀਤੀ ਹੈ। ਇਸ ਪਰਪਾਟੀ ਵਿਚ ਕੁਝ ਵੀ ਬੇਲੋੜਾ ਨਹੀਂ। ਹੱਥ ਵਿਚ ਕਿਰਪਾਨ ਫੜਨਾ, ਪੱਲਾ ਫੜਾਉਣਾ, ਗੁਰੂ ਗ੍ਰੰਥ ਸਾਹਿਬ ਦੇ ਇਰਦ ਗਿਰਦ ਦਸੀ ਪ੍ਰਥਾ ਅਨੁਸਾਰ ਚਾਰ ਵਾਰੀ ਪਰਕਰਮਾ ਕਰਨਾ, ਹਰ ਲਾਂਵ ਦੀ ਸੰਪੰਨਤਾ ਦੇ ਮਗਰੋਂ ਤੇ ਅਗਲੀ ਦੀ ਪ੍ਰਾਰੰਭਤਾ ਤੋਂ ਪਹਿਲਾਂ ਸਤਿਗੁਰਾਂ ਦੇ ਹਜ਼ੂਰ ਵਿਚ ਦੋਹਾਂ ਵਿਆਹ ਕਰਵਾਣ ਵਾਲਿਆਂ ਦਾ ਮਥਾ ਟੇਕਣਾ, ਅਰਦਾਸ ਵਿਚ ਪੂਰੀ ਨਿਮਰਤਾ ਤੇ ਹਲੀਮੀ ਭਾਵ ਵਿਚ ਖੜ੍ਹੇ ਹੋ ਕੇ ਸਤਿਗੁਰਾਂ ਦੀਆਂ ਬਖਸ਼ਸ਼ਾਂ ਪ੍ਰਾਪਤ ਕਰਨਾ ਇਸ ਸਾਰੇ ਵਿਆਹ ਕਾਰਜ ਨੂੰ ਆਨੰਦਮਈ, ਮਹੱਤਵਪੂਰਣ,

ਰੌਚਕ ਅਤੇ ਆਤਮਿਕ ਪ੍ਰਭਾਵਾਂ ਵਾਲਾ ਬਣਾ ਦੇਂਦਾ ਹੈ। ਇਸ ਲਈ ਇਸ ਵਿਚ ਕਿਸੇ ਬੇਲੋੜੀ ਰਸਮ ਦੀ ਕੋਈ ਗੁੰਜਾਇਸ਼ ਨਹੀਂ। ਇਹੀ ਕਾਰਨ ਹੈ ਕਿ ਸਿੱਖ ਆਨੰਦ ਕਾਰਜ ਦੀ ਵਿਧੀ ਵਿਚ ਜੈ ਮਾਲਾ ਦੀ ਕੋਈ ਮਹੱਤਤਾ ਨਾ ਹੋਣ ਕਾਰਨ ਇਹ ਬੇਲੋੜੀ ਤੇ ਅਪਰਵਾਨਤ ਹੈ। ਜੋ ਰੀਸੋ ਰੀਸੀ ਇਸਨੂੰ ਕਰਦਾ ਹੈ ਉਸ ਭੁੱਲੜ ਨੂੰ ਸਤਿਗੁਰ ਸੋਝੀ ਬਖਸ਼ਣ ਤਾਕਿ ਅੱਗੇ ਤੋਂ ਉਹ ਠੀਕ ਰਸਤੇ ਤੇ ਆ ਸਕੇ।

**ਭੂਲੇ ਸਿਖ ਗੁਰੂ ਸਮਝਾਏ**
**ਉਝੜਿ ਜਾਦੇ ਮਾਰਗਿ ਪਾਏ॥** *( *ਅੰਕ-1032)*

ਹੁਣ ਪੜ੍ਹੇ ਲਿਖੇ ਤੇ ਸੁਲਝੇ ਹੋਏ ਗੁਰਸਿਖ ਪਰਿਵਾਰ ਜੈ ਮਾਲਾ ਦੀ ਥਾਂ ਲੜਕੇ ਲੜਕੀ ਨੂੰ ਇਕ ਦੂਜੇ ਨਾਲ ਪਰੀਚਤ ਕਰਵਾਣ ਲਈ ਆਏ ਹੋਏ ਸਾਰੇ ਮਹਿਮਾਨਾਂ ਦੇ ਸਾਹਮਣੇ ਫੁੱਲਾਂ ਦੇ ਗੁਲਦਸਤੇ ਇਕ ਦੂਜੇ ਨੂੰ ਭੇਟ ਕਰਨ ਦੀ ਰਸਮ ਅਦਾ ਕਰਦੇ ਹਨ ਜਿਸ ਨਾਲ ਆਨੰਦਮਈ ਕਾਰਜ ਦੀ ਮਹਿਕ ਵਧਦੀ ਹੈ, ਬੱਚੇ ਬੱਚੀ ਦੇ ਮਨ ਵਿਚ ਜੋ ਇਸ ਮੌਕੇ ਤੇ ਥੋੜ੍ਹੀ ਬਹੁਤ ਘਬਰਾਹਟ ਬਣੀ ਹੋਈ ਹੁੰਦੀ ਹੈ ਉਹ ਇਕ ਦੂਜੇ ਨੂੰ ਫੁੱਲਾਂ ਦੇ ਗੁਲਦਸਤੇ ਭੇਟ ਕਰਨ ਨਾਲ ਕਾਫੀ ਹੱਦ ਤਕ ਦੂਰ ਹੋ ਜਾਂਦੀ ਹੈ ਤੇ ਉਹ ਲਾਵਾਂ ਫੇਰਿਆਂ ਲਈ ਆਨੰਦਮਈ ਚਾਓ ਨਾਲ ਤਤਪਰ ਹੋ ਜਾਂਦੇ ਹਨ। ਇਵੇਂ ਕਰਨ ਨਾਲ ਆਨੰਦ ਕਾਰਜ ਦੀ ਸਮੁੱਚੀ ਰਸਮ ਵਿਚ ਵਧੇਰੇ ਖੇੜਾ ਉਤਪੰਨ ਹੁੰਦਾ ਹੈ ਅਤੇ ਸ਼ਾਦੀ, ਵਿਆਹ ਜਾਂ ਆਨੰਦ ਕਾਰਜ ਇਸ ਅਦੁੱਤੀ ਖੇੜੇ ਦੇ ਖੇੜੇ ਵਿਚ ਨਵੀਆਂ ਜ਼ਿੰਮੇਦਾਰੀਆਂ ਨੂੰ ਸਵੀਕਾਰਨ ਦਾ ਹੀ ਦੂਜਾ ਨਾਂ ਹੈ। ਗੁਰਬਾਣੀ ਦਾ ਓਟ ਆਸਰਾ ਲੈ ਕੇ ਰਚਾਏ ਗਏ ਆਨੰਦ ਕਾਰਜ ਦੀ ਸੰਪੰਨਤਾ ਆਪਣੇ ਹਰ ਪਹਿਲੂ ਤੇ ਸਤਿਗੁਰਾਂ ਦੀਆਂ ਅਤੁੱਟ ਅਸੀਸਾਂ ਤੇ ਵਰਦਾਨਾਂ ਨਾਲ ਪਰੀਪੂਰਨ ਹੁੰਦੀ ਹੁੰਦੀ ਧਾਰਮਿਕ ਰੰਗਤ ਵਿਚ ਰੰਗ ਜਾਣ ਨਾਲ ਖੁਸ਼ੀਆਂ ਬਖੇਰਦੀ ਹੋਈ ਹਰ ਪਾਸੇ ਆਪਣੀ ਵਿਲੱਖਣ ਪਹਿਚਾਣ ਦੇ ਪ੍ਰਭਾਵ ਛਡ ਜਾਂਦੀ ਹੈ ਅਤੇ ਇਵੇਂ **'ਹਮ ਘਰਿ ਸਾਜਨ ਆਏ, ਸਾਚੈ ਮੇਲਿ ਮਿਲਾਏ'** ਦਾ ਅਮਲ ਸੰਪੰਨ ਹੁੰਦਾ ਹੈ।

**ਪ੍ਰੀਤਮ ਪ੍ਰੀਤਿ ਬਨੀ ਅਬ ਐਸੀ**
**ਜੋਤੀ ਜੋਤਿ ਮਿਲਾਈ॥** *(ਅੰਕ-1273)*

---

* ਸਾਰੀ ਪੁਸਤਕ ਵਿੱਚ ਗੁਰਬਾਣੀ ਦੀ ਪੰਗਤੀ ਅੱਗੇ ਦਿੱਤੇ ਅੰਕ ਤੋਂ ਭਾਵ ਗੁਰੂ ਗ੍ਰੰਥ ਸਾਹਿਬ ਦੇ ਪੰਨੇ ਤੋਂ ਹੈ।

# 2

# ਸਿੱਖ ਸਮਾਜ ਵਿਚ ਵਿਆਹ, ਆਨੰਦ ਕਾਰਜ ਕਿਵੇਂ?

ਵਿਆਹ, ਸ਼ਾਦੀ ਜਾਂ ਨਿਕਾਹ ਮਨੁੱਖ ਦੇ ਜੀਵਨ ਦੀ ਮਹੱਤਵਪੂਰਨ ਰਸਮ ਹੈ ਜਿਸ ਅਨੁਸਾਰ ਆਦਮੀ ਤੇ ਔਰਤ ਗ੍ਰਹਿਸਤੀ ਬੰਧਨ ਵਿਚ ਬਝਦੇ ਹਨ ਅਤੇ ਸੰਸਾਰਕ ਸਫਰ ਨੂੰ ਪਤੀ ਪਤਨੀ ਦੇ ਰੂਪ ਵਿਚ ਅੱਗੇ ਤੋਰਦੇ ਹਨ। ਸਿੱਖ ਧਰਮ ਵਿਚ ਇਸ ਵਿਆਹ ਦੀ ਰਸਮ ਨੂੰ ਆਨੰਦ ਕਾਰਜ ਕਿਹਾ ਜਾਂਦਾ ਹੈ, ਅਜਿਹਾ ਕਿਉਂ?

ਇਸਦੇ ਕਾਰਨਾਂ ਪਿਛੇ ਉਹ ਸਮਾਜਿਕ ਤੇ ਸਦਾਚਾਰਿਕ ਇਨਕਲਾਬ ਕੰਮ ਕਰ ਰਿਹਾ ਹੈ ਜੋ ਸਿੱਖ ਗੁਰੂ ਸਾਹਿਬਾਨ ਨੇ ਮਾਨਵੀ ਭਾਈਚਾਰੇ ਵਿਚ ਵਧਦੀਆਂ ਕੁਰੀਤੀਆਂ ਨੂੰ ਖ਼ਤਮ ਕਰਨ ਲਈ ਅਰੰਭਿਆ ਸੀ। ਗੁਰੂ ਨਾਨਕ ਸਾਹਿਬ ਦੇ ਸਮੇਂ ਵਿਚ ਔਰਤ ਦੀ ਜ਼ਿੰਦਗੀ ਹਰ ਪਰਕਾਰ ਦੇ ਸੁਖਾਂ ਤੋਂ ਵਿਹੂਣੀ ਸੀ। ਬਾਹਰੀ ਖਤਰੇ ਦੇ ਡਰ ਕਾਰਨ ਇਸਨੂੰ ਜੰਮਣ ਤੋਂ ਲੈ ਕੇ ਮਰਨ ਤਕ ਘਰ ਦੀ ਚਾਰ ਦੀਵਾਰੀ ਵਿਚ ਹੀ ਡਕ ਕੇ ਰਖਿਆ ਜਾਂਦਾ ਸੀ। ਵਿਆਹ ਹੋਣ ਤਕ ਉਹ ਪਿਤਾ ਦੀ ਕਰੜੀ ਅੱਖ ਥੱਲੇ ਰਹਿੰਦੀ, ਵਿਆਹ ਤੋਂ ਮਗਰੋਂ ਪਤੀ ਦੀ ਗੁਲਾਮੀ ਝਲਦੀ ਤੇ ਬੁਢਾਪੇ ਵਿਚ ਪੁੱਤਰਾਂ ਦੀ ਅਧੀਨਗੀ ਥੱਲੇ ਜਫਰ ਜਾਲਦੀ ਆਪਣਾ ਨਿਰਬਾਹ ਕਰਦੀ। ਗੁਰੂ ਸਾਹਿਬਾਨ ਨੇ ਔਰਤ ਦੀ ਇਸ ਮੰਦਹਾਲੀ ਭਰੀ ਅਵਸਥਾ ਤੋਂ ਇਸਨੂੰ ਨਜਾਤ ਦਵਾਣ ਲਈ ਭਰਪੂਰ ਤੇ ਠੋਸ ਉਪਰਾਲੇ ਕੀਤੇ। ਇਸਨੂੰ ਰਾਜਿਆਂ ਮਹਾਰਾਜਿਆਂ ਤੇ ਸੂਰਬੀਰਾਂ, ਸੰਤਾਂ, ਅਵਤਾਰਾਂ ਦੀ ਜਨਣੀ ਕਹਿ ਕੇ ਵਡਿਆਇਆ। ਗੁਰੂ ਅਮਰਦਾਸ ਜੀ ਨੇ ਹੁਕਮ ਕਰ ਦਿੱਤਾ ਕਿ ਜਿਸ ਬੀਬੀ ਨੇ ਉਨ੍ਹਾਂ ਦੇ ਦਰਸ਼ਨਾਂ ਲਈ ਆਉਣਾ ਹੋਵੇ ਉਹ ਬੁਰਕਾ ਪਾ ਕੇ ਜਾਂ ਘੁੰਡ ਕਢ ਕੇ ਨਾ ਆਵੇ। ਉਨ੍ਹਾਂ ਅਨੁਸਾਰ ਇਹ ਬੁਰਕਾ ਉਸਦੀ ਗੁਲਾਮੀ ਦੀ ਨਿਸ਼ਾਨੀ ਹੈ ਜਿਹੜੀ ਕਿਸੇ ਵੀ ਹਾਲਤ ਵਿਚ ਸਿੱਖ ਸਮਾਜ ਵਿੱਚ ਪਰਵਾਨ ਨਹੀਂ। ਗੁਰੂ ਸਾਹਿਬ ਅਨੁਸਾਰ ਔਰਤ ਨੂੰ ਸ਼ਰਮ ਹਯਾ ਦਾ ਬੁਰਕਾ ਪਾਉਣਾ ਸ਼ੋਭਦਾ ਹੈ ਕਿਉਂਕਿ ਇਹ ਉਸਦੇ ਉੱਤਮ ਗੁਣ ਹਨ ਜਿਨ੍ਹਾਂ ਨੂੰ ਹਰ ਸਮਾਜ ਸਲਾਹੁੰਦਾ ਤੇ ਸਤਿਕਾਰਦਾ ਹੈ।

ਉਨ੍ਹਾਂ ਵਕਤਾਂ ਵਿੱਚ ਹਿੰਦੂ ਸਮਾਜ ਵਿਚ ਕਿਸੇ ਔਰਤ ਦੇ ਪਤੀ ਦੀ

ਮੌਤ ਤੇ ਉਸਨੂੰ ਵੀ ਉਸਦੀ ਚਿਤਾ ਤੇ ਜੀਂਦੇ ਜੀ ਸੜ ਮਰਨ ਦਾ ਘਨਾਉਣਾ ਰਵਾਜ ਸੀ ਜਿਸਨੂੰ ਸਤੀ ਦੀ ਰਸਮ ਕਿਹਾ ਜਾਂਦਾ ਸੀ। ਸਤਿਗੁਰਾਂ ਨੇ ਇਸ ਕਾਤਲਾਨਾ ਰਵਾਜ ਦੇ ਖਿਲਾਫ ਸਖਤ ਅਵਾਜ਼ ਬੁਲੰਦ ਕੀਤੀ ਤੇ ਫਰਮਾਇਆ :

**ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ॥**
**ਨਾਨਕ ਸਤੀਆ ਜਾਣੀਅਨਿ ਜਿ ਬਿਰਹੇ ਚੋਟ ਮਰੰਨਿ॥**
**ਭੀ ਸੋ ਸਤੀਆ ਜਾਣੀਅਨਿ ਸੀਲ ਸੰਤੋਖਿ ਰਹੰਨਿ॥**
**ਸੇਵਨਿ ਸਾਈ ਆਪਣਾ ਨਿਤ ਉਠਿ ਸੰਮਾਲੰਨਿ॥** *(ਅੰਕ-787)*

ਭਾਵ ਇਹ ਕਿ ਪਤੀ ਦੀ ਚਿਤਾ ਵਿਚ ਜੀਂਦੇ ਜੀ ਸੜ ਮਰਨ ਨਾਲੋਂ ਉਸਦੀ ਯਾਦ ਤੇ ਪ੍ਰੇਮ ਵਿਯੋਗ ਵਿਚ ਜਲਦੇ ਰਹਿਣਾ ਵਧੇਰੇ ਚੰਗਾ ਹੈ, ਇਹ ਵੀ ਸਤੀ ਹੋਣ ਤੋਂ ਘਟ ਨਹੀਂ। ਇਸ ਦੇ ਉਲਟ ਔਰਤ ਦਾ ਆਪਣੇ ਮਰੇ ਹੋਏ ਪਤੀ ਨਾਲ ਜ਼ਿੰਦਾ ਜਲ ਮਰਨਾ ਕਿਸੇ ਵੀ ਲਿਹਾਜ਼ ਨਾਲ ਵਾਜਬ ਨਹੀਂ। ਸਗੋਂ ਪਤੀ ਦੀ ਮੌਤ ਮਗਰੋਂ ਔਰਤ ਦਾ ਜ਼ਿੰਦਾ ਰਹਿਣਾ ਪਰਿਵਾਰਕ ਲੋੜਾਂ ਪੂਰੀਆਂ ਕਰਨ ਲਈ ਹੋਰ ਵੀ ਜ਼ਰੂਰੀ ਹੈ ਕਿਉਂਕਿ ਔਰਤ ਦੇ ਜ਼ਿੰਦਾ ਰਹਿਣ ਨਾਲ ਹੀ ਉਹ ਆਪਣੇ ਟੱਬਰ ਨੂੰ, ਬੱਚਿਆਂ ਨੂੰ ਪਾਲ ਪੋਸ ਸਕਣ ਵਿਚ ਸਹਾਈ ਹੋ ਸਕਦੀ ਹੈ ਜਿਨ੍ਹਾਂ ਦੇ ਉਂਜ ਰੁਲ ਜਾਣ ਦਾ ਪੂਰਾ ਪੂਰਾ ਅੰਦੇਸ਼ਾ ਬਣ ਜਾਂਦਾ ਹੈ ਜਦ ਪਿਓ ਦੇ ਮਰਨ ਤੇ ਮਾਂ ਨੂੰ ਉਸਦੇ ਨਾਲ ਮਜਬੂਰਨ ਸੜਨਾ ਪਵੇ। ਇਸ ਤਰ੍ਹਾਂ ਸਤੀ ਹੋਣ ਨਾਲ ਨਾ ਤਾਂ ਕੋਈ ਲਾਜ ਪਾਲਣ ਦੀ ਗੱਲ ਹੈ ਅਤੇ ਨਾ ਹੀ ਕੋਈ ਲਾਜ ਬਚਾਉਣ ਦੀ। ਇਹ ਤਾਂ ਪੁਰਸ਼ ਪ੍ਰਧਾਨ ਸਮਾਜ ਦਾ ਔਰਤ ਵਰਗ ਨਾਲ ਇਕ ਭੱਧਾ ਤੇ ਕੋਝਾ ਮਜ਼ਾਕ ਹੈ, ਘੋਰ ਅਨਿਆਂ ਹੈ, ਗੰਭੀਰ ਬਦਸਲੂਕੀ ਹੈ।

ਗੁਰੂ ਸਾਹਿਬ ਦੇ ਇਸ ਕਰਾਂਤੀਕਾਰੀ ਸੁਧਾਰ ਸਦਕਾ ਔਰਤਾਂ ਵਿਚ ਸਤੀ ਹੋਣ ਦੀ ਰਸਮ ਵਿਚ ਕੁਝ ਠੱਲ੍ਹ ਪਈ ਪਰ ਰਿਸ਼ਤੇਦਾਰਾਂ ਨੇ ਸਤੀ ਨਾ ਹੋਈ ਔਰਤ ਦਾ ਜੀਣਾ ਦੂਬਰ ਕਰਨਾ ਅਰੰਭ ਦਿੱਤਾ। ਉਸਨੂੰ ਬਦਸ਼ਗਣ, ਮੂੰਹ ਕਾਲੀ, ਡਾਇਣ ਤਕ ਕਿਹਾ ਜਾਣ ਲਗ ਪਿਆ। ਕਿਸੇ ਖੁਸ਼ੀ ਦੇ ਅਵਸਰ ਤੇ ਉਸਦਾ ਪਰਛਾਵਾਂ ਤਕ ਵੀ ਉਸ ਘਰ ਵਿਚ ਨਾ ਪੈਣ ਦਿੱਤਾ ਜਾਂਦਾ ਜਿਥੇ ਕਿ ਖੁਸ਼ੀ ਦਾ ਕੋਈ ਸਮਾਗਮ ਰਚਾਇਆ ਅਤੇ ਮਨਾਇਆ ਜਾ ਰਿਹਾ ਹੁੰਦਾ। ਗੁਰੂ ਸਾਹਿਬ ਨੂੰ ਵਿਧਵਾ ਦੀ ਇਹ ਮੰਦਹਾਲੀ ਦੀ ਦਸ਼ਾ ਦੇਖ ਕੇ ਹੋਰ ਦੁਖ ਹੋਇਆ ਅਤੇ ਉਨ੍ਹਾਂ ਨੇ ਉਸਦੇ ਸਨਮਾਨ ਨੂੰ ਬਹਾਲ ਕਰਨ

ਲਈ ਇਹ ਆਗਿਆ ਕਰ ਦਿੱਤੀ ਕਿ ਉਹ ਦੂਜੀ ਸ਼ਾਦੀ ਕਰਵਾ ਕੇ ਇੱਜ਼ਤਦਾਰੀ ਦਾ ਜੀਵਨ ਬਤੀਤ ਕਰਨ ਦੀ ਹਿੰਮਤ ਕਰੇ। ਇਸ ਪੁਨਰ ਵਿਆਹ ਦੀ ਸੋਚ ਨੂੰ ਗੁਰੂ ਸਾਹਿਬ ਦੇ ਸ਼ਰਧਾਲੂਆਂ ਨੇ ਤਾਂ ਪਸੰਦ ਕੀਤਾ ਪਰ ਵਿਆਹ ਪੜ੍ਹਾਉਣ ਵਾਲੇ ਪੁਜਾਰੀਆਂ ਨੇ ਅਜਿਹੇ ਵਿਆਹ ਪੜ੍ਹਾਉਣ ਤੋਂ ਇਨਕਾਰ ਕਰ ਦਿੱਤਾ। ਇਸ ਤਰ੍ਹਾਂ ਕਰਨ ਨਾਲ ਉਨ੍ਹਾਂ ਇਸਤਰੀਆਂ ਲਈ ਹੋਰ ਸਮੱਸਿਆ ਬਣ ਗਈ। ਇਵੇਂ ਇਕ ਮੁਸੀਬਤ ਦੇ ਉੱਤੇ ਦੂਜੀ ਨੇ ਉਨ੍ਹਾਂ ਨੂੰ ਘੇਰ ਲਿਆ।

ਇਸ ਨਵੀਂ ਸਥਿਤੀ ਨੂੰ ਦੇਖਦਿਆਂ ਹੋਇਆਂ ਗੁਰੂ ਅਮਰਦਾਸ ਜੀ ਮਹਾਰਾਜ ਨੇ ਪੁਨਰ ਵਿਆਹ ਕਰਵਾਣ ਵਾਲੀਆਂ ਇਨ੍ਹਾਂ ਜੋੜੀਆਂ ਨੂੰ ਆਪਣੇ ਦਰਬਾਰ ਵਿਚ ਬੁਲਾ ਕੇ ਸੰਗਤਾਂ ਦੇ ਸਨਮੁਖ ਆਨੰਦ ਸਾਹਿਬ ਦਾ ਪਾਠ ਕਰਕੇ ਤੇ ਉਨ੍ਹਾਂ ਨੂੰ ਆਸ਼ੀਰਵਾਦ ਦੇ ਕੇ ਉਨ੍ਹਾਂ ਦੀ ਸ਼ਾਦੀ ਕਰਨੀ ਪਰਾਰੰਭ ਕਰ ਦਿੱਤੀ ਅਤੇ ਇਸਨੂੰ 'ਆਨੰਦ ਕਾਰਜ' ਦਾ ਨਾਂ ਦਿੱਤਾ। ਗੁਰੂ ਸਾਹਿਬ ਦੇ ਇਸ ਪਰਉਪਕਾਰੀ ਕਾਰਜ ਨਾਲ ਸਮਾਜ ਵਿਚ ਦੁਰਕਾਰੀ ਔਰਤ ਨੂੰ ਇਜ਼ਤਦਾਰੀ ਵਾਲਾ ਪੁਨਰ ਵਸੇਬਾ ਮਿਲਣ ਲਗ ਪਿਆ। ਬਸ ਫਿਰ ਕੀ ਸੀ ਇਸ ਆਨੰਦ ਕਾਰਜ ਦੀ ਵਿਧੀ ਨਾਲ ਥਾਂ ਥਾਂ ਪੁਨਰ ਵਿਆਹ ਹੋਣ ਲਗ ਪਏ, ਸਮਾਜ ਵਿਚ ਇਕ ਨਵਾਂ ਖੇੜਾ ਆਇਆ, ਖੁਸ਼ੀ ਵਧੀ ਤੇ ਨਾਰੀ ਜ਼ਾਤ ਦੇ ਸਨਮਾਨ ਤੇ ਉੱਥਾਨ ਦੀ ਗਲ ਨੇ ਜ਼ੋਰ ਪਕੜਿਆ। ਮਗਰੋਂ ਗੁਰੂ ਰਾਮ ਦਾਸ ਜੀ ਨੇ ਜਦ ਚਾਰ ਲਾਵਾਂ ਦਾ ਉਚਾਰਨ ਕੀਤਾ ਤਾਂ ਆਨੰਦ ਸਾਹਿਬ ਦੇ ਨਾਲ ਨਾਲ ਉਹ ਵੀ ਪੜ੍ਹੀਆਂ ਜਾਣ ਲਗ ਪਈਆਂ ਭਾਵੇਂ ਕਿ ਉਹ ਇਸ ਮੰਤਵ ਲਈ ਨਹੀਂ ਸਨ ਉਚਾਰੀਆਂ ਗਈਆਂ। ਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਕਿਰਪਾ ਨਾਲ ਜਦ ਸਿੱਖ ਸੰਗਤਾਂ ਨੂੰ ਆਦਿ ਗ੍ਰੰਥ ਸਾਹਿਬ ਦੀ ਦਾਤ ਪ੍ਰਾਪਤ ਹੋਈ, ਗੁਰਦਵਾਰਿਆਂ ਦਾ ਨਿਰਮਾਣ ਹੋਣਾ ਸ਼ੁਰੂ ਹੋ ਗਿਆ ਤਾਂ ਹੌਲੀ ਹੌਲੀ ਆਨੰਦ ਸਾਹਿਬ ਦੇ ਪਾਠ ਮਗਰੋਂ, ਲਾਵਾਂ ਦੇ ਗਾਇਨ ਤੇ ਗੁਰੂ ਗ੍ਰੰਥ ਸਾਹਿਬ ਦੇ ਆਲੇ ਦੁਆਲੇ ਪਰਕਰਮਾ ਕਰਨ ਦੀ ਰੀਤ ਤੁਰ ਪਈ ਜੋ ਦਸਮ ਪਾਤਸ਼ਾਹ ਦੇ ਅੰਮ੍ਰਿਤ ਛਕਾਣ ਦੀ ਰਸਮ ਮਗਰੋਂ ਆਪਣੀਆਂ ਸਿਖਰਾਂ ਛੂਹਣ ਲਗ ਪਈ ਤੇ ਅਜ ਵੀ ਪੂਰੀ ਸਜ ਧਜ ਨਾਲ ਕਾਇਮ ਹੈ ਅਤੇ ਆਪਣੇ ਬਹੁ ਪਰਕਾਰੀ ਗੁਣਾਂ ਕਾਰਨ ਹਰ ਇਕ ਨੂੰ ਆਕਰਸ਼ਤ ਕਰ ਰਹੀ ਹੈ।

ਇਸ ਆਨੰਦ ਕਾਰਜੀ ਵਿਆਹ ਪਰਣਾਲੀ ਦਾ ਸਮਾਜ ਦੇ ਠੇਕੇਦਾਰਾਂ ਵਲੋਂ ਸਮੇਂ ਸਮੇਂ ਤੇ ਵਿਰੋਧ ਜ਼ਰੂਰ ਹੁੰਦਾ ਰਿਹਾ ਪਰ ਸਤਿਗੁਰਾਂ ਦੀ ਬਖਸ਼ਸ਼ ਨਾਲ ਚਲਾਈ ਇਹ ਪਰਪਾਟੀ ਸਭ ਔਖਾਂ ਤੇ ਔਕੜਾਂ ਨੂੰ ਝਲਦੀ ਹੋਈ ਹਰ ਦਿਲ

ਵਿਚ ਆਪਣੀ ਇਜ਼ਤ ਤੇ ਪਵਿੱਤਰਤਾ ਬਣਾਉਣ ਵਿਚ ਕਾਮਯਾਬ ਹੁੰਦੀ ਹੀ ਗਈ ਜਿਸ ਕਾਰਨ ਇਸ ਉਪਯੋਗੀ ਵਿਆਹ ਵਿਧੀ ਦੀ ਵਿਰੋਧਤਾ ਬੇਅਸਰ ਹੁੰਦੀ ਗਈ। ਆਖਰ ਨਾਭੇ ਦੇ ਮਹਾਰਾਜਾ ਰਿਪਦੁਮਨ ਸਿੰਘ ਅਤੇ ਕੌਮ ਦੇ ਇਕ ਉੱਘੇ ਆਗੂ ਸ. ਸੁੰਦਰ ਸਿੰਘ ਮਜੀਠੀਆ ਦੇ ਉਦਮਾਂ ਸਦਕਾ ਅੰਗਰੇਜ਼ ਸਰਕਾਰ ਨੇ ਅਕਤੂਬਰ 1909 ਵਿਚ ਇਸ ਵਿਆਹ' ਪਧਤੀ ਨੂੰ ਕਾਨੂੰਨੀ ਮਾਨਤਾ ਦੇ ਕੇ ਆਨੰਦ ਕਾਰਜ ਐਕਟ ਅਧੀਨ ਇਸਨੂੰ ਹਰ ਲਿਹਾਜ਼ ਨਾਲ ਸੰਪੂਰਣ, ਜਾਇਜ਼ ਤੇ ਉਪਯੋਗੀ ਕਰਾਰ ਦੇ ਦਿੱਤਾ ਜਿਸ ਸਦਕਾ ਬਰਾਹਮਣੀ ਜਮਾਤ ਦਾ ਸਿੱਖ ਸਮਾਜ ਵਿਚ ਗ਼ਲਬਾ ਘਟ ਕੇ ਜ਼ੀਰੋ ਦੇ ਬਰਾਬਰ ਹੋ ਗਿਆ ਅਤੇ ਆਨੰਦ ਕਾਰਜ ਸਿੱਖ ਮਰਿਆਦਾ ਤੇ ਰਹੁ-ਰੀਤੀ ਅਨੁਸਾਰ ਹੋਣੇ ਇਕ ਜ਼ਰੂਰੀ ਤੇ ਖੁਸ਼ੀ ਭਰੀ ਪਵਿੱਤਰਤਾ ਨਾਲ ਸੰਜੋਈ ਰਸਮ ਬਣ ਗਏ।

**ਨਾਰੀ ਪੁਰਖ ਪਿਆਰੁ**
**ਪ੍ਰੇਮਿ ਸੀਗਾਰੀਆ ॥** *(ਅੰਕ-148)*

ਅੱਜ ਸਾਰੇ ਵਿਸ਼ਵ ਵਿਚ ਜਿਥੇ ਵੀ ਸਿੱਖ ਸੰਗਤਾਂ ਰਹਿ ਰਹੀਆਂ ਹਨ ਉਹ ਆਪਣੇ ਬੱਚਿਆਂ ਦੀਆਂ ਸ਼ਾਦੀਆਂ ਇਸੇ ਆਨੰਦ ਕਾਰਜੀ ਪਰੰਪਰਾ ਅਨੁਸਾਰ ਕਰਕੇ ਸਤਿਗੁਰਾਂ ਦੀਆਂ ਮਿਹਰਾਂ ਦੀਆਂ ਪਾਤਰ ਬਣ ਰਹੀਆਂ ਹਨ। ਉਹ ਤਾਂ ਪੰਜਾਬ ਨਾਲੋਂ ਵੀ ਕਈ ਲਿਹਾਜ਼ਾਂ ਨਾਲ ਅੱਗੇ ਲੰਘ ਗਈਆਂ ਹਨ। ਉਥੇ ਜਦ ਆਨੰਦ ਕਾਰਜ ਦੀ ਰਸਮ ਸੰਪੰਨ ਹੋ ਜਾਂਦੀ ਹੈ ਤਾਂ ਲੜਕੀ ਤੇ ਲੜਕੇ ਵਾਲੇ ਰਲ ਮਿਲ ਕੇ ਗੁਰਦੁਆਰਾ ਸਾਹਿਬ ਵਿਚ ਇਕੋ ਸੰਗਤ ਪੰਗਤ ਵਿਚ ਲੰਗਰ ਛਕਦੇ ਹਨ ਜਿਸ ਵਿਚ ਕਿਸੇ ਪ੍ਰਕਾਰ ਦੀ ਕੋਈ ਉਚੇਚ ਨਹੀਂ ਹੁੰਦੀ। ਉਥੇ ਸਾਦਗੀ, ਸਵੱਛਤਾ ਅਤੇ ਸੁਹਿਰਦਤਾ ਦਾ ਬੋਲ ਬਾਲਾ ਸਭ ਨੂੰ ਸੁਖਦਾਈ ਭਾਸਦਾ ਹੈ। ਜੋ ਕੋਈ ਵੀ ਇਸ ਮਰਿਆਦਾ ਨੂੰ ਦੇਖਦਾ ਹੈ ਇਸਦੀ ਸੁਹਜਤਾ, ਸਹਿਜਤਾ ਅਤੇ ਆਤਮ ਰੰਗ ਦੇ ਆਨੰਦ ਤੋਂ ਪ੍ਰਭਾਵਤ ਹੁੰਦਾ ਇਸ ਨੂੰ ਸਲਾਹੁੰਦਾ ਹੈ। ਸਤਿਗੁਰਾਂ ਤੇ ਸੰਗਤਾਂ ਦੀਆਂ ਰਹਿਮਤਾਂ ਤੇ ਨਹਿਮਤਾਂ ਪ੍ਰਾਪਤ ਕਰਕੇ ਆਨੰਦ ਕਾਰਜ ਦੀ ਪਵਿੱਤਰ ਮਰਿਆਦਾ ਅਨੁਸਾਰ ਗਰਿਸਤ ਆਸ਼ਰਮ ਵਿਚ ਪਰਵੇਸ਼ ਕਰਨ ਵਾਲੀ ਜੋੜੀ ਤੇ ਸਤਿਗੁਰਾਂ ਦੀਆਂ ਹਮੇਸ਼ਾਂ ਰਖਾਂ ਹਨ।

**ਮਿਲ ਪ੍ਰੀਤਮ ਸੁਖੁ ਪਾਇਆ**
**ਸੋਭਾਵੰਤੀ ਨਾਰਿ ॥** *(ਅੰਕ-755)*

# 3

# ਸਿੱਖ ਸਮਾਜ ਵਿਚ ਲਾਵਾਂ 12 ਵਜੇ ਤੋਂ ਪਹਿਲੇ ਕਿਉਂ?

ਸਿੱਖ ਗੁਰੂ ਸਾਹਿਬਾਨ ਨੇ ਮਾਨਵਤਾ ਤੇ ਬੜੇ ਪਰਉਪਕਾਰ ਕੀਤੇ ਹਨ, ਸਾਨੂੰ ਵਹਿਮਾਂ, ਭਰਮਾਂ ਤੋਂ ਕੱਢਿਆ ਹੈ, ਜ਼ਾਤਾਂ ਪਾਤਾਂ ਦੇ ਬੰਧਨਾਂ ਤੋਂ ਮੁਕਤ ਕੀਤਾ ਹੈ ਅਤੇ ਸਾਨੂੰ ਜ਼ੋਰਦਾਰ ਢੰਗ ਨਾਲ ਸੁਚੇਤ ਕੀਤਾ ਹੈ ਕਿ ਹਰ ਦਿਨ, ਹਰ ਪਲ, ਹਰ ਘੜੀ, ਹਰ ਮਹੀਨਾ ਸੁਲਖਣੇ ਹਨ ਕਿਉਂਕਿ ਇਹ ਸਭ ਪਰਮਾਤਮਾ ਦੇ ਬਣਾਏ ਹੋਏ ਹਨ ਅਤੇ ਜੇ ਇਹ ਉਸਦੀ ਅਰਾਧਨਾ, ਉਸਦੀ ਰਜ਼ਾ ਵਿਚ ਬੀਤਣ ਤਾਂ ਇਹ ਸੁੱਚੇ ਹਨ ਅਤੇ ਸਭ ਨਛੱਤਰਾਂ ਦੀ ਮਾਰ ਤੋਂ ਬਾਹਰ ਹਨ। ਸਤਿਗੁਰਾਂ ਦੇ ਉਪਦੇਸ਼ਾਂ ਸਦਕਾ ਹੀ ਸਿੱਖ ਕਿਸੇ ਦਿਨ ਦੇ ਚੰਗੇ ਮੰਦੇ ਦੇ ਭਰਮਾਂ ਵਿਚ ਨਹੀਂ ਪੈਂਦੇ, ਪਰ ਇਤਨਾ ਕੁਝ ਹੋਣ ਦੇ ਬਾਵਜੂਦ ਵੀ ਹਰ ਗੁਰਸਿੱਖ ਪਰਿਵਾਰ ਇਹ ਜ਼ਰੂਰ ਲੋਚਦਾ ਹੈ ਕਿ ਉਸਦੇ ਪਰਿਵਾਰ ਵਿਚ ਬੱਚੀ ਜਾਂ ਬੱਚੇ ਦਾ ਜੋ ਆਨੰਦ ਕਾਰਜ ਹੋਣਾ ਹੋਵੇ, ਉਹ ਦੁਪਹਿਰ 12 ਵਜੇ ਤੋਂ ਪਹਿਲੇ ਪਹਿਲ ਹੋਵੇ। ਕਈ ਪਰਿਵਾਰ ਤਾਂ ਪੁਰਾਣੀ ਮਰਿਆਦਾ ਦਾ ਸਤਿਕਾਰ ਕਰਦਿਆਂ ਅੱਜ ਵੀ ਅੰਮ੍ਰਿਤ ਵੇਲੇ ਤਾਰਿਆਂ ਦੀ ਲੋਅ ਰਹਿੰਦੇ ਹੀ ਆਨੰਦ ਕਾਰਜ ਦੀ ਰਸਮ ਸੰਪੰਨ ਕਰ ਲੈਂਦੇ ਹਨ ਪਰ ਆਧੁਨਿਕ ਜੀਵਨ ਵਿਚ ਆਏ ਬਦਲਾਵਾਂ ਕਾਰਨ ਬਹੁਤੇ ਸਿੱਖ ਪਰਿਵਾਰ ਚਾਹੁੰਦੇ ਹੋਏ ਵੀ ਆਪਣੀ ਬੱਚੀ ਜਾਂ ਬੱਚੇ ਦੇ ਲਾਵਾਂ ਫੇਰੇ 12 ਵਜੇ ਤੋਂ ਪਹਿਲਾਂ ਪਹਿਲਾਂ ਨਹੀਂ ਕਰਵਾ ਸਕਦੇ। ਇਸ ਹਾਲਤ ਵਿਚ ਕੁਝ ਬਜ਼ੁਰਗ ਇਹ ਕਹਿੰਦੇ ਜ਼ਰੂਰ ਸੁਣੇ ਜਾਂਦੇ ਹਨ ਕਿ ਮਾਇਆ ਦੇ ਪਸਾਰੇ ਕਾਰਨ ਆਨੰਦ ਕਾਰਜ ਦੇ ਸਮਾਗਮ ਵਿਚ ਆਈਆਂ ਕਈ ਖਰਚੀਲੀਆਂ, ਇਯਾਸ਼ ਤੇ ਬੇਲੋੜੀਆਂ ਰਸਮਾਂ ਕਾਰਨ ਬਰਾਤ ਇਤਨੀ ਲੇਟ ਹੋ ਜਾਂਦੀ ਹੈ ਕਿ ਲਾਵਾਂ ਫੇਰੇ 12 ਵਜੇ ਤੋਂ ਬਾਅਦ ਹੀ ਹੋਣੇ ਸੰਭਵ ਹੋ ਸਕਦੇ ਹਨ ਜੋ ਕਿ ਚੰਗੀ ਗਲ ਨਹੀਂ। ਕਈ ਇਸ ਅਵੱਗਿਆ ਨੂੰ ਬਦਸ਼ਗਣੀ ਤਕ ਦਾ ਨਾਂ ਦੇ ਕੇ ਘਰ ਵਾਲਿਆਂ ਨੂੰ ਫਿਕਰਾਂ ਵਿੱਚ ਪਾ ਦੇਂਦੇ ਹਨ। ਆਖਰ ਇਹ 12 ਵਜੇ ਦੀ ਬੰਦਸ਼ ਕਿਉਂ ਹੈ ਅਤੇ ਇਸ ਪਿਛੇ ਕੀ ਭੇਦ ਲੁਕਿਆ ਹੋਇਆ ਹੈ?

ਉਕਤ ਦੇ ਉੱਤਰ ਵਿਚ ਲਿਖਿਆ ਜਾਂਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਹੁਤੀ ਬਾਣੀ ਰਾਗਾਂ ਵਿਚ ਹੈ ਅਤੇ ਜਿਸ ਬਾਣੀ ਨੂੰ ਜਿਸ ਰਾਗ

ਵਿਚ ਗਾਇਆ ਜਾਣਾ ਹੈ ਉਸਦੀ ਸਪੱਸ਼ਟ ਹਦਾਇਤ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਪ੍ਰਤੱਖ ਰੂਪ ਵਿਚ ਉਸ ਬਾਣੀ ਦੇ ਨਾਲ ਕੀਤੀ ਹੋਈ ਹੈ ਤਾਕਿ ਗੁਰਬਾਣੀ ਨਾਲ ਸਬੰਧਤ ਰਾਗ ਵਿਚ ਉਸਨੂੰ ਗਾਉਣ ਨਾਲ ਉਸਦੇ ਗੁਣਾਂ ਭਰੇ ਪ੍ਰਭਾਵ ਬਾਣੀ ਸੁਣਨ ਵਾਲੇ ਨੂੰ ਵਧੇਰੇ ਆਨੰਦ ਤੇ ਉਮਾਹ ਪਰਦਾਨ ਕਰ ਸਕਣ। ਜਿਨ੍ਹਾਂ ਚਾਰ ਲਾਵਾਂ ਦਾ ਗਾਇਨ ਆਨੰਦ ਕਾਰਜ ਸਮੇਂ ਕੀਤਾ ਜਾਂਦਾ ਹੈ ਉਹ ਚੌਥੇ ਪਾਤਸ਼ਾਹ ਗੁਰੂ ਰਾਮਦਾਸ ਜੀ ਨੇ ਸੂਹੀ ਰਾਗ ਵਿਚ ਉਚਾਰੀਆਂ ਹਨ ਅਤੇ ਉਨ੍ਹਾਂ ਨੂੰ ਇਸੇ ਰਾਗ ਵਿਚ ਗਾਉਣ ਦੀ ਬੰਦਸ਼ ਹੈ। ਰਾਗਾਂ ਦੀ ਦੁਨੀਆਂ ਵਿਚ ਪਰਵੇਸ਼ ਕਰਨ ਤੇ ਪਤਾ ਲਗਦਾ ਹੈ ਕਿ ਹਰ ਰਾਗ ਤੋਂ ਅਧਿਕ ਤੋਂ ਅਧਿਕ ਮਾਨਸਿਕ ਤੇ ਆਤਮਿਕ ਆਨੰਦ ਪ੍ਰਾਪਤ ਕਰਨ ਲਈ ਉਸਦੇ ਗਾਉਣ ਦੇ ਵੀ ਪਲ ਤੇ ਘੜੀਆਂ ਨਿਸ਼ਚਤ ਹਨ। ਸੁਘੜ ਗਾਇਕਾਂ ਦੀ ਸੋਚ ਇਹ ਹੈ ਕਿ ਬੇਮੌਕਾ ਰਾਗ ਗਾਉਣਾ ਜਾਂ ਉਸਦੀ ਨਿਸਚਤ ਬੰਦਸ਼ ਤੇ ਮਰਿਆਦਾ ਤੋਂ ਹਟ ਕੇ ਉਸਨੂੰ ਗਾਉਣਾ, ਅੰਮ੍ਰਿਤਮਈ ਵਾਤਾਵਰਨ ਵਿਚ ਵਿਸ ਘੋਲਣ ਦੇ ਸਮਾਨ ਸਮਝਿਆ ਜਾਂਦਾ ਹੈ। ਲਾਵਾਂ ਸੂਹੀ ਰਾਗ ਵਿਚ ਹਨ ਅਤੇ ਸੂਹੀ ਰਾਗ ਨੂੰ ਗਾਉਣ ਦਾ ਸਮਾਂ ਦੁਪਹਿਰ ਬਾਰਾਂ ਵਜੇ ਤਕ ਹੀ ਹੈ। ਕੋਈ ਵੀ ਸੰਗੀਤ ਸ਼ਾਸਤਰੀ ਵਕਤ ਦੀ ਇਸ ਬੰਦਸ਼ ਨੂੰ ਦੇਖਦਿਆਂ ਹੋਇਆਂ ਇਸ ਰਾਗ ਨੂੰ ਦੁਪਹਿਰ ਬਾਰਾਂ ਵਜੇ ਤੋਂ ਮਗਰੋਂ ਗਾਉਣ ਦੀ ਕੋਤਾਹੀ ਨਹੀਂ ਕਰਦਾ ਕਿਉਂਕਿ ਅਜਿਹਾ ਕਰਨ ਨਾਲ ਰਾਗ ਵਿਪਰੀਤ ਪ੍ਰਭਾਵ ਪਾਉਣਾ ਸ਼ੁਰੂ ਕਰ ਦੇਂਦਾ ਹੈ। ਪੁਰਾਣਿਆਂ ਵਕਤਾਂ ਵਿਚ ਅੱਛੇ ਗਵੱਈਏ ਰਾਗ ਨੂੰ ਉਸਦੇ ਸਮੇਂ ਅਨੁਸਾਰ ਤੇ ਬੰਦਸ਼ ਵਿਚ ਗਾ ਕੇ ਬਾਰਸ਼ ਕਰ ਸਕਦੇ ਸਨ, ਬਿਨਾਂ ਅਗਨੀ ਤੋਂ ਦੀਪ ਜਲਾ ਸਕਦੇ ਸਨ ਪਰ ਇਸਦੇ ਉਲਟ ਬੰਦਸ਼ ਅਤੇ ਨਿਜਮ ਤੋਂ ਹਟ ਕੇ ਗਾਏ ਗਏ ਰਾਗ ਨਾਲ ਮਾਨਸਿਕ ਪਰੇਸ਼ਾਨੀ ਤੇ ਕਲੇਸ਼ ਪੈਦਾ ਹੋ ਸਕਦਾ ਹੈ। ਇਸ ਲਈ ਸੁਘੜ ਸੰਗੀਤਕਾਰ ਕਿਸੇ ਵੀ ਰਾਗ ਨੂੰ ਉਸਦੀ ਨਿਸਚਤ ਵਿਧੀ ਤੇ ਧਾਰਨਾ ਤੋਂ ਇਧਰ ਉਧਰ ਹੋ ਕੇ ਉਸ ਨਾਲ ਛੇੜਖਾਨੀ ਕਰਨ ਦੀ ਕੋਤਾਹੀ ਜਾਂ ਕਰੋਪੀ ਦੇ ਭਾਗੀਦਾਰ ਨਹੀਂ ਬਣਨਾ ਚਾਹੁੰਦੇ। ਕਿਉਂਕਿ ਗੁਰਬਾਣੀ ਪਹਿਲੇ ਪਹਿਲ ਨਿਸ਼ਚਤ ਰਾਗਾਂ ਵਿਚ ਹੀ ਗਾਈ ਜਾਂਦੀ ਸੀ, ਇਸ ਲਈ ਲਾਵਾਂ ਰਾਗ ਸੂਹੀ ਵਿਚ ਹੋਣ ਕਾਰਨ ਇਨ੍ਹਾਂ ਨੂੰ ਇਸ ਰਾਗ ਵਿਚ ਗਾਉਣ ਦਾ ਸਮਾਂ ਕੇਵਲ ਦੁਪਹਿਰ 12 ਵਜੇ ਤਕ ਦਾ ਹੀ ਬਣਦਾ ਸੀ। ਇਸ ਲਈ ਆਨੰਦ ਕਾਰਜ ਤੇ ਲਾਵਾਂ ਦੁਪਹਿਰ 12 ਵਜੇ ਤੋਂ ਪਹਿਲੇ ਹੀ ਕਰਵਾਈਆਂ ਜਾ ਸਕਦੀਆਂ ਸਨ, ਇਸ ਸਮੇਂ ਤੋਂ ਮਗਰੋਂ ਕੋਈ ਰਾਗੀ ਲਾਵਾਂ ਨੂੰ ਸੂਹੀ ਰਾਗ ਵਿਚ ਗਾ ਕੇ ਲਾਵਾਂ ਪੜ੍ਹਾਉਣ ਲਈ ਰਾਜ਼ੀ ਹੀ ਨਹੀਂ ਸੀ ਹੋ ਸਕਦਾ। ਇਹ ਪ੍ਰਥਾ ਬੜੀ ਦੇਰ ਤਕ ਨਿਰਵਿਘਨ ਚਲਦੀ ਰਹੀ।

ਕੁਝ ਵਿਚਾਰਕਾਂ ਦਾ ਇਹ ਵੀ ਮਤ ਹੈ ਕਿ ਸ਼ੁਰੂ ਸ਼ੁਰੂ ਵਿੱਚ ਸਿੱਖ ਵੀ ਆਨੰਦ ਕਾਰਜ ਵਿਧੀ ਅਨੁਸਾਰ ਹਿੰਦੂ ਪਰੰਪਰਾਵਾਂ ਦੀ ਦੇਖੋ ਦੇਖੀ ਲਾਵਾਂ, ਤਾਰਿਆਂ ਦੀ ਲੋਅ ਵਿੱਚ ਕਰਵਾਂਦੇ ਸਨ ਤਾ ਕਿ ਬੱਚਾ ਅਤੇ ਬੱਚੀ ਰਾਤੋ ਰਾਤ ਕਾਰਜ ਦੀ ਸੰਪੰਨਤਾ ਉਪਰੰਤ ਆਪਣੇ ਆਪਣੇ ਠਿਕਾਣਿਆਂ ਤੇ ਸੁਰੱਖਿਅਤ ਪਹੁੰਚ ਜਾਣ ਕਿਉਂਕਿ ਉਸ ਸਮੇਂ ਸ਼ਾਸਕੀ ਵਰਗ ਦੀ ਸ਼ਹਿ ਤੇ ਗ਼ੈਰ ਮੁਸਲਿਮ ਵਰਗ ਦੀ ਜਨਤਾ ਦੀਆਂ ਬਰਾਤਾਂ ਅਤੇ ਡੋਲੀਆਂ ਲੁਟ ਲਈਆਂ ਜਾਂਦੀਆਂ ਸਨ। ਸਿੱਖਾਂ ਵਿੱਚੋਂ ਇਸ ਡਰ ਨੂੰ ਕੱਢਣ ਲਈ ਗੁਰੂ ਅਮਰਦਾਸ ਜੀ ਨੇ ਖ਼ੁਦ ਕੁਝ ਆਨੰਦ ਕਾਰਜ ਅੰਮ੍ਰਿਤ ਵੇਲੇ ਦੀ ਥਾਂ ਦਿਨ ਦੇ ਚੜ੍ਹਦੇ ਸਾਰ ਕਰਵਾਏ ਜਿਨ੍ਹਾਂ ਦੀਆਂ ਲਾਵਾਂ ਜ਼ਾਹਿਰ ਹੈ ਦਿਨ ਦੇ ਪੂਰਨ ਚਾਨਣੇ ਵਿੱਚ ਪੜ੍ਹੀਆਂ ਗਈਆਂ। ਅਜਿਹਾ ਕਰਨਾ ਇਸ ਲਈ ਵੀ ਜ਼ਰੂਰੀ ਸੀ ਕਿਉਂਕਿ ਉਹ ਗੁਰੂ ਨਾਨਕ ਸਾਹਿਬ ਦੇ ਇਸ ਸੰਦੇਸ਼ ਨੂੰ ਵੀ ਪਰਪੱਕ ਕਰਵਾ ਕੇ ਕੌਮ ਨੂੰ ਬਲਵਾਨ ਤੇ ਗ਼ੈਰਤਮੰਦ ਬਣਾਉਣਾ ਚਾਹੁੰਦੇ ਸਨ ਜਿਸ ਅਨੁਸਾਰ ਉਨ੍ਹਾਂ ਫਰਮਾਇਆ ਸੀ ਕਿ:

**ਜੇ ਜੀਵੈ ਪਤ ਲਥੀ ਜਾਇ**
**ਸਭੁ ਹਰਾਮੁ ਜੇਤਾ ਕਿਛੁ ਖਾਇ।** *(ਅੰਕ-142)*

ਕੌਮੀ ਨਿਰਮਾਣ ਅਤੇ ਅਣਖ ਇੱਜ਼ਤ ਨਾਲ ਜੀਵਨ ਬਤੀਤ ਕਰਨ ਲਈ ਛੋਹੇ ਗਏ ਗੁਰੂ ਸਾਹਿਬਾਨ ਦੇ ਅਭਿਮਾਨ ਨੂੰ ਇਸ ਅਮਲੀ ਸੋਚ ਨਾਲ ਕਾਫ਼ੀ ਬਲ ਪ੍ਰਦਾਨ ਹੋਇਆ ਅਤੇ ਕੌਮੀ ਅਣਖ ਵਿੱਚ ਨਵਾਂ ਨਿਖਾਰ ਆਇਆ ਜਿਸਨੇ ਅੱਗੇ ਜਾ ਕੇ ਭਗਤੀ ਤੇ ਸ਼ਕਤੀ ਦਾ ਸਿੱਖ ਵਿੱਚ ਸੁਮੇਲ ਕਰਵਾ ਕੇ ਉਸਨੂੰ ਸੰਤ-ਸਿਪਾਹੀ ਬਣਾ ਦਿੱਤਾ।

ਪੁਰਾਣਿਆਂ ਸਮਿਆਂ ਵਿਚ 12 ਵਜੇ ਤਕ ਲਾਵਾਂ ਫੇਰੇ ਕਰਵਾਣ ਦੀ ਇਸ ਬੰਦਸ਼ ਨੂੰ ਤੋੜਨ ਬਾਰੇ ਸੋਚਿਆ ਵੀ ਨਹੀਂ ਸੀ ਜਾ ਸਕਦਾ ਪਰ ਜਿਉਂ ਜਿਉਂ ਸਮਾਂ ਬੀਤਦਾ ਗਿਆ ਆਧੁਨਿਕਤਾ ਦੇ ਪ੍ਰਭਾਵ ਕਾਰਨ ਸਥਿਤੀ ਬਦਲਦੀ ਗਈ। ਫਿਲਮੀ ਤਰਜ਼ਾਂ ਦੇ ਬਹੁਤ ਪਰਚਲਤ ਹੋ ਜਾਣ ਕਾਰਨ ਰਾਗੀ ਸਿੰਘਾਂ ਨੇ ਵੀ ਇਸ ਹਲਕੇ ਫੁਲਕੇ ਸੰਗੀਤ ਦੀ ਮਦਦ ਲੈਣੀ ਸ਼ੁਰੂ ਕਰ ਦਿੱਤੀ ਤੇ ਨਿਸਚਤ ਰਾਗਾਂ ਨੂੰ ਅਲਵਿਦਾ ਕਹਿ ਕੇ ਗੁਰਬਾਣੀ ਵੀ ਆਪਣੀਆਂ ਸਰਲ ਧੁਨਾਂ ਤੇ ਗਾਉਣੀ ਸ਼ੁਰੂ ਕਰ ਦਿੱਤੀ ਅਤੇ ਇਹ ਅਸਰ ਲਾਵਾਂ ਤੇ ਵੀ ਪੈਣ ਲਗ ਪਿਆ ਤੇ ਉਹ ਵੀ ਆਪਣੇ ਨਿਸਚਤ ਸੂਹੀ ਰਾਗ ਤੋਂ ਬਿਨਾਂ ਹੀ ਗਾਈਆਂ ਜਾਣ ਲਗ ਪਈਆਂ। ਇਸ ਲਈ ਇਨ੍ਹਾਂ ਲਈ ਦੁਪਹਿਰ 12 ਵਜੇ ਦਾ ਮਿੱਥਿਆ ਸਮਾਂ ਵੀ ਬਹੁਤਾ ਵਜ਼ਨੀ ਨਾ ਰਹਿ ਗਿਆ। ਨਤੀਜਾ ਇਹ ਹੋਇਆ ਕਿ

ਲਾਵਾਂ, ਜਿਹੜੀਆਂ ਪੁਰਾਣਿਆਂ ਸਮਿਆਂ ਵਿਚ ਅੰਮ੍ਰਿਤ ਵੇਲੇ ਜਾਂ 12 ਵਜੇ ਤੋਂ ਪਹਿਲੇ ਪਹਿਲੇ ਹੁੰਦੀਆਂ ਸਨ ਅਜ ਕਲ ਤਾਂ ਸ਼ਾਮ 4.5 ਵਜੇ ਤਕ ਵੀ ਲੇਟ ਹੋਣ ਲਗ ਪਈਆਂ ਹਨ। ਇਸਦੇ ਕਈ ਕਾਰਨ ਹੋ ਸਕਦੇ ਹਨ, ਪਰ ਜੇਕਰ ਕੁਝ ਵਿਸ਼ੇਸ਼ ਪ੍ਰਯਤਨ ਕਰਕੇ ਲਾਵਾਂ ਫੇਰੇ ਪੁਰਾਣੀ ਮਰਿਆਦਾ ਅਨੁਸਾਰ ਸੂਹੀ ਰਾਗ ਵਿਚ ਲਾਵਾਂ ਦੇ ਸ਼ਬਦਾਂ ਨੂੰ ਗਾਇਨ ਕਰਕੇ ਅੰਮ੍ਰਿਤ ਵੇਲੇ ਜਾਂ ਜਿਤਨਾ ਵੀ ਸਵੇਰੇ ਪਰ ਦੁਪਹਿਰ ਤੋਂ ਪਹਿਲੇ ਹੋ ਸਕਣ, ਚੰਗਾ ਹੈ। ਅਜਿਹਾ ਕਰਨ ਨਾਲ ਕਈ ਬੇਲੋੜੀਆਂ ਰਸਮਾਂ ਸਮਾਪਤ ਹੋ ਜਾਣਗੀਆਂ, ਆਨੰਦ ਕਾਰਜ ਦੇ ਸਾਰੇ ਅਮਲ ਵਿਚ ਸਰਲਤਾ ਤੇ ਸੰਖੇਪਤਾ ਆਵੇਗੀ ਜਿਸ ਨਾਲ ਫਜ਼ੂਲ ਖਰਚੀਆਂ ਤੋਂ ਵੀ ਕਾਫੀ ਹਦ ਤਕ ਬਚਿਆ ਜਾ ਸਕੇਗਾ। ਪਰ ਜੇਕਰ ਕਿਸੇ ਵੀ ਕਾਰਨ ਵੱਸ ਸਮੇਂ ਦੀ ਇਸ ਬੰਦਸ਼ ਦੀ ਪਾਲਣਾ ਅਸੰਭਵ ਹੋ ਜਾਵੇ ਤਾਂ ਇਸ ਬਾਰੇ ਬੇਲੋੜਾ ਭਰਮ ਤੇ ਵਹਿਮ ਕਰਨ ਦੀ ਲੋੜ ਨਹੀਂ ਕਿਉਂਕਿ ਹਰ ਚਸਾ, ਹਰ ਖਿਣ ਅਕਾਲਪੁਰਖ ਦੇ ਹੁਕਮ ਅਨੁਸਾਰ ਹੀ ਬਤੀਤ ਹੋ ਰਿਹਾ ਹੈ ਅਤੇ ਉਸਨੂੰ ਸ਼ੁਭ ਹੀ ਸਮਝਣਾ ਚਾਹੀਦਾ ਹੈ।

**ਕਹੋ ਨਾਨਕ ਤਾ ਕੇ ਪੂਰ ਕਰੰਮਾ**
**ਜਾ ਕਾ ਗੁਰ ਚਰਨੀ ਮਨੁ ਲਾਗਾ॥** *(ਅੰਕ-164)*

# 4

## ਸਿੱਖਾਂ ਦੀਆਂ ਲਾਵਾਂ ਸਮੇਂ ਲਾੜਾ ਅੱਗੇ ਕਿਉਂ?

ਨਿਊਯਾਰਕ ਹਵਾਈ ਅੱਡੇ ਤੋਂ ਆਪਣੇ ਰਹਿਣ ਵਾਲੇ ਠਕਾਣੇ ਤਕ ਪਹੁੰਚਣ ਤੋਂ ਪਹਿਲਾਂ ਕਾਰ ਵਿਚ ਹੀ ਮੇਰੇ ਤੇ ਕੁਝ ਨੌਜਵਾਨ ਬੱਚੀਆਂ ਜਿਹੜੀਆਂ ਸਾਨੂੰ ਲੈਣ ਹਵਾਈ ਅੱਡੇ ਤੇ ਆਈਆਂ ਸਨ, ਨੇ ਸਵਾਲਾਂ ਦੀ ਬੁਛਾੜ ਕਰਨੀ ਸ਼ੁਰੂ ਕਰ ਦਿੱਤੀ। ਉਨ੍ਹਾਂ ਵਿਚੋਂ ਇਕ ਸਵਾਲ ਇਹ ਵੀ ਸੀ ਕਿ ਬੜੇ ਜ਼ੋਰ ਨਾਲ ਕਿਹਾ ਜਾਂਦਾ ਹੈ ਕ਼ਿ ਸਿੱਖ ਸਮਾਜ ਵਿਚ ਮਰਦ ਤੇ ਔਰਤ ਨੂੰ ਸਮਾਨ ਸਮਝਿਆ ਜਾਂਦਾ ਹੈ। ਸਿੱਖ ਗੁਰੂ ਸਾਹਿਬਾਨ ਨੇ ਵੀ ਇਸਤਰੀ ਜਾਤੀ ਦੇ ਸਨਮਾਨ ਤੇ ਸਤਿਕਾਰ ਵਧਾਉਣ ਲਈ ਬੜੇ ਠੋਸ ਪ੍ਰਯਤਨ ਕੀਤੇ, ਗੁਰਬਾਣੀ ਵਿਚ ਵੀ ਔਰਤ ਨੂੰ ਇਹ ਕਹਿ ਕੇ ਵਡਿਆ ਕਿ ਜਿਸਨੇ ਰਾਜਿਆਂ, ਰਾਣਿਆਂ, ਸੰਤਾਂ, ਯੋਧਿਆਂ ਨੂੰ ਜਨਮ ਦਿੱਤਾ ਹੈ ਉਹ ਮੰਦੀ ਕਿਵੇਂ ਹੋ ਸਕਦੀ ਹੈ, ਮਾੜੀ ਕਿਵੇਂ ਹੋ ਸਕਦੀ ਹੈ, ਉਹ ਤਾਂ ਸਭ ਦੇ ਸਤਿਕਾਰ ਦੀ ਪਾਤਰ ਹੈ, ਮਹਾਨ ਹੈ। ਇਤਨਾ ਕੁਝ ਹੋਣ ਦੇ ਬਾਵਜੂਦ ਜਦ ਸਿੱਖ ਲੜਕੇ ਲੜਕੀ ਦਾ ਆਨੰਦ ਕਾਰਜ ਹੁੰਦਾ ਹੈ, ਉਨ੍ਹਾਂ ਨੇ ਗਰਿਸਤੀ ਜੀਵਨ ਵਿਚ ਪਰਵੇਸ਼ ਕਰਨਾ ਹੁੰਦਾ ਹੈ ਤਾਂ ਪਹਿਲੇ ਹੀ ਕਦਮ ਤੇ ਲਾਵਾਂ ਫੇਰਿਆਂ ਸਮੇਂ ਲੜਕੀ ਨੂੰ ਲਾੜੇ ਦੇ ਪਿੱਛੇ ਪਿੱਛੇ ਚਲ ਕੇ ਲਾਵਾਂ ਲੈਣ ਲਈ ਖੜਾ ਕਰ ਦਿੱਤਾ ਜਾਂਦਾ ਹੈ ਤੇ ਗਰਿਸਤੀ ਜੀਵਨ ਦੇ ਇਸ ਪਹਿਲੇ ਕਦਮ ਤੋਂ ਲੈ ਕੇ ਜ਼ਿੰਦਗੀ ਦੇ ਆਖਰੀ ਕਦਮ ਤਕ ਉਹ ਆਦਮੀ ਦੇ ਪਿੱਛੇ ਪਿੱਛੇ ਰਹਿ ਕੇ ਹੀ ਦਿਨ ਕਟੀ ਕਰਦੀ ਹੈ, ਫਿਰ ਬਰਾਬਰੀ ਦਾ ਉਹ ਅਹਿਸਾਸ ਕਿਥੇ ਗਿਆ ਜਿਸ ਤੇ ਇਤਨਾ ਜ਼ੋਰ ਦਿੱਤਾ ਜਾਂਦਾ ਹੈ?

ਮੈਂ ਉਨ੍ਹਾਂ ਬੱਚੀਆਂ ਦੀ ਗੱਲ ਸੁਣੀ ਤੇ ਉਨ੍ਹਾਂ ਨੂੰ ਕਿਹਾ ਕਿ ਤੁਹਾਡੇ ਇਸ ਪ੍ਰਸ਼ਨ ਦਾ ਉੱਤਰ ਦੇਣ ਲਗਿਆਂ ਮੈਨੂੰ ਕੁਝ ਇਤਿਹਾਸਕ ਪੱਖ ਜ਼ਰੂਰ ਤੁਹਾਡੇ ਨਾਲ ਸਪੱਸ਼ਟ ਕਰਨਾ ਪਵੇਗਾ। ਜਿਥੇ ਤਕ ਸਿੱਖ ਦੇ ਗਰਿਸਤੀ ਜੀਵਨ ਦੀ ਸੁਚਮਤਾ ਦਾ ਸਬੰਧ ਹੈ ਸਤਿਗੁਰਾਂ ਨੇ ਆਨੰਦ ਕਾਰਜ ਨੂੰ ਦੋ ਸਰੀਰਾਂ ਦੇ ਮੇਲ ਦੀ ਥਾਂ ਦੋ ਆਤਮਾਵਾਂ ਦਾ ਮੇਲ ਕਹਿ ਕੇ ਇਸਦੀ ਪਵਿੱਤਰਤਾ ਨੂੰ ਸ਼ਕਤੀ ਬਖਸ਼ੀ ਹੈ। ਗੁਰੂ ਅਮਰਦਾਸ ਜੀ ਇਸ ਪਰਥਾਏ ਫਰਮਾਉਂਦੇ ਹਨ :

**ਧਨ ਪਿਰੁ ਏਹਿ ਨ ਆਖੀਅਨਿ ਬਹਿਨਿ ਇਕਠੇ ਹੋਇ॥**
**ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ॥** *(ਅੰਕ-788)*

ਅਤੇ ਗੁਰੂ ਦਾ ਸਿੱਖ ਗੁਰੂ ਦੇ ਹੁਕਮ ਵਿਚ ਚਲਦਿਆਂ ਹੋਇਆਂ ਆਪਣੀ ਜੀਵਨ ਸਾਥਣ ਨੂੰ ਆਪਣੀ ਆਤਮਾ ਵਿਚ ਅਭੇਦ ਹੋਇਆ ਸਮਝਦਾ ਹੈ ਅਤੇ ਇਸ ਤੇ ਅਮਲ ਕਰਨ ਲਈ ਸਦਾ ਤਤਪਰ ਰਹਿੰਦਾ ਹੈ।

ਜਦ ਮੁਗ਼ਲ ਰਾਜ ਦਾ ਹਿੰਦੁਸਤਾਨ ਵਿਚ ਬੋਲਬਾਲਾ ਸੀ ਤਾਂ ਗ਼ੈਰ-ਮੁਸਲਮ ਪਰਜਾ ਨੂੰ ਜੀਣ ਦੇ ਵੀ ਬੜੇ ਸੀਮਤ ਜਹੇ ਅਧਿਕਾਰ ਪ੍ਰਾਪਤ ਸਨ। ਉਸ ਸਮੇਂ ਗ਼ੈਰ-ਮੁਸਲਮਾਨ ਮਰਦ ਸਿਰ ਤੇ ਦਸਤਾਰ ਨਹੀਂ ਸੀ ਸਜਾ ਸਕਦਾ, ਘੋੜੇ ਦੀ ਸਵਾਰੀ ਨਹੀਂ ਸੀ ਕਰ ਸਕਦਾ, ਸ਼ਸਤਰ ਧਾਰਨ ਨਹੀਂ ਸੀ ਕਰ ਸਕਦਾ ਕਿਉਂਕਿ ਇਹ ਸ਼ਾਨ ਸ਼ੌਕਤ ਤੇ ਠਾਠ ਬਾਠ ਦੇ ਚੋਜ ਤਰੀਕੇ ਕੇਵਲ ਹੁਕਮਰਾਨ ਮੁਸਲਮਾਨ ਪਰਜਾ ਨੂੰ ਅਪਨਾਉਣ ਦਾ ਅਧਿਕਾਰੀ ਸਮਝਿਆ ਜਾਂਦਾ ਸੀ। ਗੁਰੂ ਦੇ ਸਿੱਖ ਇਸ ਤਫਰਕੇ ਵਾਲੀ ਨੀਤੀ ਤੋਂ ਹਮੇਸ਼ਾ ਬਾਗ਼ੀ ਰਹੇ ਹਨ ਕਿਉਂਕਿ ਬਿਨਾ ਇੱਜ਼ਤ ਤੋਂ ਜੀਣਾ ਬੜੀ ਦਲੇਰੀ ਨਾਲ ਗੁਰੂ ਨਾਨਕ ਸਾਹਿਬ ਨੇ ਹੀ ਨਕਾਰ ਦਿੱਤਾ ਸੀ ਅਤੇ ਆਪਣੇ ਸਿੱਖਾਂ ਨੂੰ ਸਖ਼ਤ ਤੇ ਸਪੱਸ਼ਟ ਪ੍ਰੇਰਨਾ ਕੀਤੀ ਸੀ ਕਿ ਪਤ ਵਿਹੂਣੇ ਹੋ ਕੇ ਜੀਣਾ ਆਪਣੀ ਜ਼ਮੀਰ ਨੂੰ ਮਾਰ ਕੇ ਜੀਣਾ ਹੈ ਅਤੇ ਮਰੀ ਹੋਈ ਜ਼ਮੀਰ ਵਾਲਾ ਮਨੁੱਖ ਪੂਰਨ ਨਹੀਂ, ਅਧੂਰਾ ਜੀਵਨ ਹੀ ਜੀਂਦਾ ਹੈ।

ਗੁਰੂ ਅਰਜਨ ਦੇਵ ਜੀ ਨੇ ਤਾਂ ਅਣਖ, ਪਤ, ਧਰਮ ਅਤੇ ਹੱਕ ਇਨਸਾਫ ਲਈ ਸ਼ਹਾਦਤ ਤਕ ਦੇ ਦਿੱਤੀ। ਗੁਰੂ ਹਰਿਗੋਬਿੰਦ ਸਾਹਿਬ ਨੇ ਅਣਖ ਆਨ ਨੂੰ ਕਾਇਮ ਰੱਖਣ ਲਈ ਸਾਨੂੰ ਮੀਰੀ ਪੀਰੀ ਦਾ ਸ਼ਕਤੀਸ਼ਾਲੀ ਸਿਧਾਂਤ ਬਖਸ਼ਿਆ। ਗੁਰੂ ਤੇਗ ਬਹਾਦਰ ਸਾਹਿਬ ਨੇ 'ਨਾ ਡਰੋ ਤੇ ਨਾ ਡਰਾਓ' ਦੀ ਗਲ ਨੂੰ ਅਗੇ ਤੋਰਦਿਆਂ ਆਪਾ ਕੁਰਬਾਨ ਕਰ ਦਿੱਤਾ। ਦਸਮ ਪਿਤਾ ਨੇ ਇਸ ਹੱਕ ਇਨਸਾਫ ਤੇ ਆਨ ਸ਼ਾਨ ਅਤੇ ਗੌਰਵਮਈ ਜ਼ਿੰਦਗੀ ਜੀਣ ਦਾ ਵਰਦਾਨ ਦਵਾਣ ਲਈ ਆਪਣਾ ਸਰਬੰਸ ਤਕ ਵਾਰ ਦਿੱਤਾ ਤੇ ਸ਼ਕਤੀਸ਼ਾਲੀ ਖਾਲਸਾ ਸਿਰਜ ਕੇ ਉਸਨੂੰ ਦਸਤਾਰਾਂ ਨਾਲ ਸਜਾਇਆ, ਕਲ਼ਗੀਆਂ ਨਾਲ ਵਡਿਆਇਆ ਅਤੇ ਅਸਤਰਾਂ ਸ਼ਸਤਰਾਂ ਨਾਲ ਨਵਾਜਿਆ। ਇਸ ਪਰਿਸ਼ਟ-ਭੂਮੀ (back ground) ਵਿਚ ਗੁਰੂ ਦਾ ਸਿੱਖ ਵਕਤ ਦੀ ਸਰਕਾਰ ਨਾਲ ਹਰ ਵਕਤ ਜੰਗ ਜੁਧ ਦੀ ਹਾਲਤ ਵਿਚ ਵਿਚਰਣ ਲਗ ਪਿਆ। ਉਸਦੇ ਸਿਰਾਂ ਦੇ ਮੁਲ ਪਏ। ਇਤਨੀ ਜੁਝਾਰੂ ਸਥਿਤੀ ਦੇ ਹੁੰਦਿਆਂ ਸਿੱਖ ਆਪਣੇ ਆਨੰਦ ਕਾਰਜ ਸਮੇਂ ਜਿਸਨੂੰ ਪਰਨਾ ਕੇ ਆਪਣਾ ਜੀਵਨ ਸਾਥੀ ਬਣਾਉਣਾ ਚਾਹੁੰਦਾ ਸੀ, ਉਸ ਨਾਲ ਏਕ ਜੋਤ ਦੋਇ ਮੂਰਤੀ ਦੀ ਨਵੀਂ ਰਿਸ਼ਤੇਦਾਰੀ ਗੰਢਦਾ ਸੀ, ਉਸਦੀ ਰਾਖੀ ਤੇ ਸੰਭਾਲ ਕਰਨਾ ਉਸਦਾ ਪਰਮ ਧਰਮ ਬਣਦਾ ਸੀ। ਉਸ ਸਮੇਂ ਵੀ ਅਤੇ ਅੱਜ ਵੀ ਸਿੱਖ ਔਰਤ ਸ਼ਾਦੀ

ਤੋਂ ਮਗਰੋਂ ਆਪਣੇ ਪਤੀ ਦਾ ਅਨਿਖੜਵਾਂ ਤੇ ਬਰਾਬਰੀ ਭਰਿਆ ਅੰਗ ਹੈ, ਉਸਦੇ ਦੁਖ ਸੁਖ ਦੀ ਸਾਥਣ ਹੈ ਇਸ ਲਈ ਲਾਵਾਂ ਫੇਰਿਆਂ ਸਮੇਂ ਹੀ ਉਸਦਾ ਪਤੀ ਉਸ ਪ੍ਰਤੀ ਵਫ਼ਾਦਾਰ ਤੇ ਮਦਦਗਾਰ ਹੋਣ ਦਾ ਆਪਣਾ ਪ੍ਰਣ ਪ੍ਰਗਟਾਉਂਦਾ ਹੋਇਆ ਗੁਰੂ ਦੀ ਹਜ਼ੂਰੀ ਵਿਚ ਉਸਦਾ ਲੜ ਫੜ ਕੇ ਲਾਵਾਂ ਲੈਂਦਾ ਹੈ, ਉਹ ਆਪਣੇ ਸੀਸ ਉੱਤੇ ਅਣਖ ਤੇ ਸ਼ਾਨ ਦੀ ਸੂਚਕ ਦਸਤਾਰ ਸਜਾਅ ਕੇ ਉਸਨੂੰ ਵਿਆਹੁਣ ਆਉਂਦਾ ਹੈ, ਉਸਦੇ ਹਥ ਵਿਚ ਸ੍ਰੀ ਸਾਹਿਬ ਹੈ ਅਤੇ ਲਾਵਾਂ ਫੇਰਿਆਂ ਵਿਚ ਅੱਗੇ ਹੋ ਕੇ ਲਾਵਾਂ ਲੈਂਦਾ ਹੋਇਆ ਉਹ ਇਸ ਗੱਲ ਦੀ ਪ੍ਰਤਿੱਗਿਆ ਕਰਦਾ ਹੈ ਤੇ ਗੁਰੂ ਦੀ ਹਜ਼ੂਰੀ ਵਿਚ ਇਹ ਅਮਲ ਦੋਹਰਾਂਦਾ ਹੈ ਕਿ ਉਹ ਸਾਰੀ ਉਮਰ ਆਪਣੀ ਧਰਮ ਪਤਨੀ ਦੀ ਸਰਬਪੱਖੀ ਰਾਖੀ ਲਈ ਉਸਦੇ ਅੱਗੇ ਢਾਲ ਬਣ ਕੇ ਖੜੇਗਾ। ਉਸਨੂੰ ਨੁਕਸਾਨ ਪਹੁੰਚਾਣ ਵਾਲ ਨੂੰ ਪਹਿਲੇ ਉਸਦੇ ਮਰਦ ਰੂਪ ਨੂੰ ਖ਼ਤਮ ਕਰਨਾ ਪਵੇਗਾ ਤਾਂ ਹੀ ਉਹ ਉਸ ਤਕ ਪਹੁੰਚ ਸਕੇਗਾ ਅਤੇ ਸਿੱਖ ਲਾੜੇ ਵਲੋਂ ਦਸਤਾਰ ਦਾ ਸਜਾਉਣਾ, ਗੁਰੂ ਦੀ ਹਜ਼ੂਰੀ ਵਿਚ ਲੜ ਦਾ ਫੜਨਾ, ਕਰਪਾਨ ਦਾ ਅੰਗੀਕਾਰ ਕਰਨਾ ਉਸਦੀ ਸਦਾ ਤਤਪਰਤਾ ਤੇ ਬਹਾਦਰੀ ਦੀ ਤਰਜਮਾਨੀ ਕਰਨਾ ਹੈ ਅਤੇ ਉਹ ਹਲੀਮੀ ਵਿਚ ਰਹਿ ਕੇ ਵੀ ਫ਼ਖ਼ਰ ਨਾਲ ਇਸ ਗੱਲ ਨੂੰ ਪਰਪੱਕ ਕਰਦਾ ਹੈ ਕਿ ਉਸਦੇ ਹੁੰਦਿਆਂ ਹੋਇਆਂ ਕੋਈ ਉਸਦੀ ਸੁਪਤਨੀ ਦੇ ਵਾਲ ਵਲ ਵੀ ਨਹੀ ਤਕ ਸਕਦਾ। ਇਹੀ ਕਾਰਨ ਹੈ ਕਿ ਕੋਈ ਜਰਵਾਣਾ ਕਿਸੇ ਸਿੱਖ ਬੀਬੀ ਨੂੰ ਲੁੱਟ ਕੇ ਨਹੀਂ ਲੈ ਜਾ ਸਕਿਆ ਸਗੋਂ ਸਿੱਖ ਸੂਰਬੀਰਾਂ ਨੇ ਆਪਣੀਆਂ ਧੀਆਂ ਭੈਣਾਂ ਬੀਵੀਆਂ ਦੀ ਰਾਖੀ ਦੇ ਨਾਲ ਨਾਲ ਹੋਰ ਮਜ਼ਲੂਮਾਂ ਤੇ ਅਬਲਾਵਾਂ ਦੀ ਵੀ ਬੇਹੁਰਮਤੀ ਨਹੀਂ ਹੋਣ ਦਿੱਤੀ। ਇਤਿਹਾਸ ਇਸ ਗੱਲ ਦਾ ਗਵਾਹ ਹੈ। ਸਿੱਖ ਨੌਜਵਾਨ ਲਾਵਾਂ ਵਿਚ ਆਪਣੇ ਜੀਵਨ ਸਾਥੀ ਨਾਲੋਂ ਅੱਗੇ ਹੋ ਕੇ ਲਾਵਾਂ ਲੈਣ ਲਗਿਆਂ ਅੱਜ ਵੀ ਇਸ ਅਣਖੀਲੇ ਪ੍ਰਣ ਨੂੰ ਪ੍ਰਗਟਾਉਂਦਾ ਹੈ ਜਿਸ ਤੇ ਉਸਨੂੰ ਤੇ ਸਭ ਨੂੰ ਯੋਗ ਮਾਣ ਹੈ।

ਇਤਨੀ ਕੁ ਸੰਖੇਪ ਵਿਆਖਿਆ ਦੇਣ ਤੋਂ ਮਗਰੋਂ ਮੈਂ ਉਨ੍ਹਾਂ ਬੱਚੀਆਂ ਨੂੰ ਪੁੱਛਿਆ ਕਿ ਕੀ ਹਾਲੇ ਵੀ ਉਨ੍ਹਾਂ ਨੂੰ ਇਸ ਸਬੰਧੀ ਇਤਰਾਜ਼ ਹੈ ਕਿ ਸਿੱਖ ਲਾੜਾ ਅੱਗੇ ਹੋ ਕੇ ਲਾਵਾਂ ਕਿਉਂ ਲੈਂਦਾ ਹੈ? ਬੱਚੀਆਂ ਇਹ ਸੁਣ ਕੇ ਬਹੁਤ ਖੁਸ਼ ਹੋਈਆਂ ਤੇ ਉਨ੍ਹਾਂ ਨੇ ਇਸ ਸ਼ਾਨਦਾਰ ਤੇ ਅਣਖੀਲੀ ਰਹੁ-ਰੀਤੀ ਕਾਰਨ ਸਿੱਖ ਸਮਾਜ ਅਤੇ ਸਤਿਗੁਰਾਂ ਦਾ ਦਿਲੋਂ ਧੰਨਵਾਦ ਕੀਤਾ ਤੇ ਇਸ ਨਵੀਂ ਮਿਲੀ ਜਾਣਕਾਰੀ ਤੇ ਆਪਣੀ ਤਸੱਲੀ ਤੇ ਖੁਸ਼ੀ ਪ੍ਰਗਟਾਈ।

**ਜਿਸ ਪਿਆਰੇ ਸਿਉ ਨੇਹੁ**
**ਤਿਸੁ ਆਗੈ ਮਰਿ ਚਲੀਐ॥** *(ਅੰਕ-83)*

# 5

## ਆਨੰਦ ਕਾਰਜ ਲਈ ਵਰ ਦੀ ਚੋਣ ਸਬੰਧੀ ਨੁਕਤੇ

ਗੁਰਸਿਖ ਮਰਿਆਦਾ ਅਨੁਸਾਰ ਰਚਾਏ ਆਨੰਦ ਕਾਰਜੀ ਵਿਆਹ ਨੂੰ ਕਈ ਕਾਰਨਾਂ ਕਰਕੇ ਉੱਤਮ ਤਰੀਨ ਵਿਵਾਹ ਪਰਣਾਲੀ ਮੰਨਿਆ ਗਿਆ ਹੈ। ਸਿੱਖ ਰਹਿਤ ਮਰਿਆਦਾ ਅਨੁਸਾਰ ਸਿੱਖ ਬੱਚੇ ਦਾ ਕੇਵਲ ਸਿੱਖ ਬੱਚੀ ਨਾਲ ਹੀ ਆਨੰਦ ਕਾਰਜ ਕੀਤਾ ਜਾਣਾ ਜ਼ਰੂਰੀ ਹੈ। ਵਿਆਹ ਲਈ ਵਰ ਲੱਭਣ ਲਗਿਆਂ ਜ਼ਾਤ ਪਾਤ, ਭਰਮਾਂ ਵਹਿਮਾਂ, ਅਮੀਰੀ ਗਰੀਬੀ, ਖਿੱਤੇ ਇਲਾਕੇ ਨੂੰ ਧਿਆਨ ਵਿਚ ਨਹੀਂ ਰਖਿਆ ਜਾਣਾ ਚਾਹੀਦਾ ਸਗੋਂ ਇਹ ਦੇਖਿਆ ਜਾਣਾ ਅਵੱਸ਼ਕ ਹੈ ਕਿ ਲੜਕਾ ਤੇ ਲੜਕੀ ਸੁਸ਼ੀਲ ਹੋਣ, ਪੜ੍ਹੇ ਲਿਖੇ ਹੋਣ, ਸਿਹਤਮੰਦ ਤੇ ਵਿਆਹੁਣ ਯੋਗ ਉਮਰ ਦੇ ਹੋਣ ਅਤੇ ਉਨ੍ਹਾਂ ਦਾ ਵਿਆਹ, ਆਨੰਦ ਕਾਰਜੀ ਵਿਧੀ ਅਨੁਸਾਰ ਹੀ ਕਰਵਾਇਆ ਜਾਵੇ। ਸਿੱਖ ਰਹਿਤ ਮਰਿਆਦਾ ਦੇ ਹਵਾਲੇ ਵਿਚ ਇਹ ਜ਼ਰੂਰੀ ਨਹੀਂ ਕਿ ਵਿਆਹ ਤੋਂ ਪਹਿਲੇ ਰੋਕੇ, ਠਾਕੇ, ਕੁੜਮਾਈ ਜਾਂ ਸ਼ਗਣ ਆਦਿ ਦੀ ਰਸਮ ਕੀਤੀ ਜਾਵੇ ਪਰ ਜੇ ਕੀਤੀ ਵੀ ਜਾਵੇ ਤਾਂ ਉਸ ਵਿਚ ਵੀ ਸਾਦਗੀ ਅਤੇ ਸ਼ੁਭ ਸਗਣੀ ਤੇ ਗੁਰਸਿਖੀ ਰਹੁ-ਰੀਤੀ ਦਾ ਹੀ ਸਭ ਤੋਂ ਵਧ ਖਿਆਲ ਰਖਿਆ ਜਾਵੇ। ਇਸ ਗੱਲ ਨੂੰ ਧਿਆਨ ਵਿਚ ਰਖਦਿਆਂ ਹੋਇਆਂ ਹੀ ਇਸ ਅਵਸਰ ਤੇ ਲੜਕੀ ਵਾਲਿਆਂ ਵਲੋਂ ਲੜਕੇ ਨੂੰ ਕੜਾ, ਕਿਰਪਾਨ, ਗੁਟਕਾ ਉਪਹਾਰ ਵਜੋਂ ਜ਼ਰੂਰ ਦਿੱਤੇ ਜਾਂਦੇ ਹਨ ਤਾਂਕਿ ਲੜਕੇ ਨੂੰ ਵਿਆਹ ਸਮੇਂ ਅਤੇ ਸਮੁੱਚੀ ਜ਼ਿੰਦਗੀ ਦੌਰਾਨ ਸਿੱਖ ਜੀਵਨ-ਜਾਚ ਦੀ ਮਹੱਤਤਾ ਦਾ ਅਹਿਸਾਸ ਹੋਰ ਪ੍ਰਬਲ ਰੂਪ ਵਿਚ ਵਿਕਸਤ ਹੋ ਸਕੇ ਜੋ ਉਸਦੇ ਜੀਵਨ ਦਾ ਆਧਾਰ ਹੈ।

ਪ੍ਰੇਮ ਸੁਮਾਰਗ ਗ੍ਰੰਥ ਜੋ ਕਿਸੇ ਸਿਖ ਵਲੋਂ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਹੁਕਮਾਂ ਅਨੁਸਾਰ ਰਹਿਤਾਂ ਨਾਲ ਸਬੰਧਤ ਗ੍ਰੰਥ ਰਚਿਆ ਗਿਆ ਹੈ ਅਤੇ ਜਿਸਨੂੰ ਪ੍ਰੇਮ ਸੁਮਾਰਗ ਗ੍ਰੰਥ ਪਾਤਸ਼ਾਹੀ 10 ਵਜੋਂ ਜਾਣਿਆ ਜਾਂਦਾ ਹੈ ਵਿਚ ਵੀ ਆਨੰਦ ਕਾਰਜ ਲਈ ਹਦਾਇਤਾਂ ਉਪਲੱਬਧ ਹਨ। ਇਸ ਗ੍ਰੰਥ ਵਿਚ ਸਪੱਸ਼ਟ ਕਥਨ ਹੈ ਕਿ ਗੁਰਸਿਖੀ ਵਿਚ ਵਿਆਹ ਇਕ ਪਵਿੱਤਰ ਬੰਧਨ ਹੈ ਜੋ ਗਰਿਸਤੀ ਜੀਵਨ ਨੂੰ ਇਕ ਸੁੱਚੀ ਮਰਿਆਦਾ ਵਿਚ ਜੀਣ ਲਈ ਬਹੁਤ ਮਹੱਤਵਪੂਰਣ ਭੂਮਿਕਾ ਨਿਭਾਉਂਦਾ ਹੈ। ਇਹ ਮਨੁੱਖ ਨੂੰ ਸੰਸਾਰ

ਤਿਆਗ ਕੇ ਪ੍ਰਭੂ ਪ੍ਰਾਪਤੀ ਜਾਂ ਇਸ ਨਾਸ਼ਵਾਨ ਸੰਸਾਰ ਨੂੰ ਵਿਸ ਭਰੀਆਂ ਗੰਦਲਾਂ ਸਮਝ ਕੇ ਤਿਆਗ ਕੇ ਨਸ ਜਾਣ ਦੀ ਪ੍ਰੇਰਨਾ ਨਹੀਂ ਦੇਂਦਾ ਸਗੋਂ ਇਸ ਸੰਸਾਰ ਵਿਚ ਇਕ ਉੱਤਮ ਗਰਿਸਤੀ ਦੀ ਭੂਮਿਕਾ ਨਿਭਾਉਂਦੇ ਹੋਏ ਚੰਗੇ ਢੰਗ ਨਾਲ ਵਿਚਰਨ ਦੀ ਤਾਕੀਦ ਕਰਦਾ ਹੈ, ਸਭ ਨਾਲ ਪ੍ਰੇਮ ਪਿਆਰ ਨਾਲ ਪੇਸ਼ ਆ ਕੇ ਏਕ ਪਿਤਾ ਏਕਸ ਕੇ ਹਮ ਬਾਰਿਕ ਦੀ ਭਾਵਨਾ ਨੂੰ ਬਲ ਪਰਦਾਨ ਕਰਦਾ ਹੈ। ਗਰਿਸਤ ਆਸ਼ਰਮ ਵਿਚ ਪਰਵੇਸ਼ ਕੀਤੇ ਬਿਨਾਂ ਇਹ ਸੰਸਾਰ ਦੀ ਖੇਡ ਅੱਗੇ ਨਹੀਂ ਚਲ ਸਕਦੀ ਅਤੇ ਸਮਾਜਿਕ ਨਿਜਮ ਤੇ ਸਦਾਚਾਰਿਕ ਵਿਹਾਰ, ਵਿਆਹ ਦੀ ਪਰਪਾਟੀ ਤੋਂ ਬਿਨਾਂ ਕੋਈ ਅਸਤਿਤਵ ਨਹੀਂ ਰਖਦੇ। ਪਰ ਗੁਰ ਮਰਿਆਦਾ ਵਿਚ ਵਿਚਰਦਿਆਂ ਹੋਇਆਂ ਵਿਆਹ ਜਾਂ ਆਨੰਦ ਕਾਰਜ ਕੋਈ ਵਪਾਰ ਨਹੀਂ ਹੈ ਅਤੇ ਨਾ ਹੀ ਕੋਈ ਵਿਹਾਰ ਹੈ। ਸਗੋਂ ਇਹ ਤਾਂ ਸਦਾਚਾਰ-ਯੁਕਤ ਜੀਵਨ ਜਾਚ ਹੈ, ਪਵਿੱਤਰ ਮਰਿਆਦਾ ਯੁਕਤ ਨੇਕ ਤੇ ਸੁਹਿਰਦ ਕਾਰਜ ਹੈ। ਇਸੇ ਲਈ ਸਿੱਖ ਨੂੰ ਕਿਸੇ ਵੀ ਹਾਲਤ ਵਿੱਚ ਕੰਨਿਆ ਵੇਚਣ ਦੀ ਸਖ਼ਤ ਮਨਾਹੀ ਤੇ ਕੁੜੀ ਨੂੰ ਜੰਮਦਿਆਂ ਮਾਰਨ ਦੀ ਪੱਕੀ ਬੰਦਸ਼ ਹੈ ਕਿਉਂਕਿ ਇਹ ਬਜਰ ਪਾਪ ਹੈ, ਘਿਰਣਾ ਵਾਲਾ ਅਮਾਨਵੀ ਕਰਮ ਹੈ। ਇਹ ਨਿਰਲਜ ਅਤੇ ਕਾਤਲਾਨਾ ਰਵਾਜ ਪੁਰਾਣੇ ਸਮਿਆਂ ਵਿਚ ਕਈ ਕਾਰਨਾਂ ਕਰਕੇ ਕਈ ਧਰਮਾਂ ਅਤੇ ਫਿਰਕਿਆਂ ਵਿੱਚ ਬਹੁਤ ਪ੍ਰਭਾਵੀ ਸਨ ਪਰ ਗੁਰ ਆਸ਼ੇ ਤੇ ਚਲਦਿਆਂ ਹੋਇਆਂ ਆਮ ਕਰਕੇ ਸਿੱਖ ਇਨ੍ਹਾਂ ਤੋਂ ਬਿਲਕੁਲ ਮੁਕਤ ਸਨ। ਆਪਣੇ ਗੁਰੂ ਦੇ ਹੁਕਮ ਦੇ ਤਾਬੇ ਰਹਿ ਕੇ ਉਹ ਆਨੰਦ ਕਾਰਜ ਦੀ ਪਾਕੀਜ਼ਗੀ ਤੇ ਕਿਸੇ ਕਿਸਮ ਦੀ ਆਂਚ ਨਹੀਂ ਸੀ ਆਉਣ ਦੇਂਦੇ ਅਤੇ ਆਪਣੀ ਧੀ ਨੂੰ ਪੁੱਤਰਾਂ ਨਾਲੋਂ ਵਧ ਪਿਆਰ ਕਰਕੇ, ਪਾਲ ਪੋਸ ਕੇ ਉਸਨੂੰ ਗੁਰਸਿੱਖੀ ਪਰੰਪਰਾ ਨਾਲ ਵਿਆਹ ਕੇ ਮਾਣ ਜਸ ਦੇ ਪਾਤਰ ਬਣਦੇ ਸਨ ਅਤੇ ਇਹ ਅਨੂਠਾ ਪਿਆਰ ਅੱਜ ਵੀ ਸਿੱਖ ਘਰ ਵਿੱਚ ਜੰਮੀ ਬੱਚੀ ਮਾਣਦੀ ਹੈ।

ਪ੍ਰੇਮ ਸੁਮਾਰਗ ਵਿਚ ਇਹ ਗੱਲ ਪ੍ਰਮੁੱਖ ਤੌਰ ਤੇ ਅੰਕਤ ਹੈ ਕਿ ਜਦ ਕਿਸੇ ਸਿੱਖ ਪਰਿਵਾਰ ਦੀ ਬੱਚੀ ਜਵਾਨ ਹੋ ਜਾਵੇ ਤਾਂ ਮਾਂ ਬਾਪ ਦਾ ਪਹਿਲਾ ਫਰਜ਼ ਬਣਦਾ ਹੈ ਕਿ ਉਹ ਉਸ ਲਈ ਯੋਗ ਵਰ ਲੱਭਣ। ਇਸਦਾ ਮਤਲਬ ਇਹ ਨਹੀਂ ਕਿ ਕੋਈ ਬਹੁਤ ਅਮੀਰ ਪਰਿਵਾਰ ਹੋਵੇ ਸਗੋਂ ਇਸ ਗੱਲ ਤੇ ਜ਼ੋਰ ਦਿੱਤਾ ਜਾਣਾ ਜ਼ਰੂਰੀ ਹੈ ਕਿ ਲੱਭਿਆ ਜਾਣ ਵਾਲਾ ਵਰ ਐਸਾ ਹੋਵੇ ਜੋ ਗੁਰਸਿੱਖੀ ਭਾਵਨਾ ਵਾਲਾ ਹੋਵੇ, ਨੇਕ ਵਿਹਾਰ, ਨੇਕ ਕਿਰਦਾਰ ਤੇ ਚੰਗੀਆਂ ਆਦਤਾਂ ਵਾਲਾ ਹੋਵੇ, ਆਪਣੀ ਨੇਕ ਕਿਰਤ ਕਮਾਈ ਕਰਨ ਵਾਲਾ ਹੋਵੇ ਤੇ

ਸਿਹਤਮੰਦ ਸਵੱਛ ਜੀਵਨ ਵਾਲਾ ਹੋਵੇ। ਇਤਿਹਾਸ ਇਸ ਗੱਲ ਦੀ ਸਾਖੀ ਭਰਦਾ ਹੈ ਕਿ ਗੁਰੂ ਅਮਰਦਾਸ ਜੀ ਨੇ, ਗੁਰੂ ਹਰਿਗੋਬਿੰਦ ਸਾਹਿਬ ਨੇ ਖੁਦ ਉਕਤ ਗੁਣਾਂ ਵਾਲੇ ਵਰ ਲਭ ਕੇ ਆਪਣੀਆਂ ਬੱਚੀਆਂ ਦੇ ਆਨੰਦ ਕਾਰਜ ਕਰਕੇ ਸਾਡੇ ਲਈ ਖ਼ੂਬਸੂਰਤ ਤੇ ਉਸਾਰੂ ਪੂਰਨੇ ਪਾਏ। ਪ੍ਰੇਮ ਸੁਮਾਰਗ, ਰਹਿਤਨਾਮਾ ਭਾਈ ਦਿਆ ਸਿੰਘ, ਗੁਰ ਰਤਨ ਮਾਲ, ਸੌ ਸਾਖੀ ਭਾਈ ਸਾਹਿਬ ਸਿੰਘ ਅਤੇ ਸਿੱਖਾਂ ਦੀ ਭਗਤ ਮਾਲਾ ਭਾਈ ਮਨੀ ਸਿੰਘ ਸ਼ਹੀਦ ਵਿਚ ਇਸ ਗੱਲ ਤੇ ਵੀ ਜ਼ੋਰ ਦਿੱਤਾ ਗਿਆ ਹੈ ਕਿ ਲੱਭਿਆ ਜਾਣ ਵਾਲਾ ਵਰ ਧਾਰਮਿਕ ਪੱਖੋਂ ਪਰਪੱਕ ਹੋਵੇ ਅਤੇ ਸਿੱਖ ਧਰਮ ਦੀ ਸ਼ਾਨ ਨੂੰ ਵਧਾਉਣ ਲਈ ਆਪਣੀ ਜਾਨ ਹੂਲ ਕੇ ਵੀ ਮਿਸਾਲ ਪੇਸ਼ ਕਰਨ ਵਿਚ ਪਿੱਛੇ ਨਾ ਰਹੇ। ਜੇ ਉਹ ਪ੍ਰਮਾਤਮਾ ਦਾ ਭਉ ਤੇ ਭਾਉ ਰੱਖਣ ਵਾਲਾ ਹੈ ਤਾਂ ਲੜਕੀ ਦੇ ਮਾਪਿਆਂ ਨੂੰ ਬਿਨਾ ਕਿਸੇ ਹਿਚਕਚਾਹਟ ਦੇ ਆਪਣੀ ਲੜਕੀ ਦਾ ਆਨੰਦ ਕਾਰਜ ਅਜਿਹੇ ਗੁਰਸਿਖ ਨਾਲ ਕਰ ਦੇਣਾ ਚਾਹੀਦਾ ਹੈ। ਇਸ ਸ਼ੁਭ ਕਾਰਜ ਵਿਚ ਸਤਿਗੁਰ ਆਪ ਸਹਾਈ ਹੋਣਗੇ ਤੇ ਜੋੜੀ ਉੱਤੇ ਹਰ ਪਰਕਾਰ ਦੀਆਂ ਬਖਸ਼ਸ਼ਾਂ ਅਵੱਸ਼ ਹੁੰਦੀਆਂ ਰਹਿਣਗੀਆਂ ਤੇ ਉਨ੍ਹਾਂ ਦਾ ਜੀਵਨ ਬੜਾ ਸੁਚੱਜਾ ਤੇ ਸੁੱਚਾ ਗੁਜ਼ਰੇਗਾ। ਆਨੰਦ ਕਾਰਜ ਲਈ ਮਾਪਿਆਂ ਨੇ ਜੋ ਵੀ ਪ੍ਰਬੰਧ ਕਰਨੇ ਹੋਣ ਉਨ੍ਹਾਂ ਵਿਚ ਇਸ ਗਲ ਨੂੰ ਪ੍ਰਮੁੱਖਤਾ ਦਿੱਤੀ ਜਾਵੇ ਕਿ ਆਪਣੀ ਹਸਤੀ ਤੇ ਸਮਰਥਾ ਤੋਂ ਬਾਹਰ ਜਾ ਕੇ ਸਿਰਫ਼ ਨੱਕ ਰੱਖਣ ਲਈ ਜਾਂ ਬਾਹਰੀ ਚਮਕ ਦਮਕ ਅਤੇ ਫੋਕਟ ਦੇ ਪ੍ਰਗਟਾਵੇ ਲਈ ਫਜ਼ੂਲ ਖਰਚੀ ਬਿਲਕੁਲ ਨਾ ਕੀਤੀ ਜਾਵੇ। ਆਨੰਦ ਕਾਰਜ ਨੂੰ ਆਨੰਦ ਕਾਰਜੀ ਮਾਹੌਲ ਪ੍ਰਦਾਨ ਕਰਕੇ ਨਿਭਾਉਣਾ ਹੀ ਸ਼ੋਭਦਾ ਹੈ, ਕਰਜ਼ਾ ਚੁਕ ਕੇ ਆਪਣੀ ਜ਼ਿੰਦਗੀ ਨੂੰ ਦੂਭਰ ਜਾਂ ਪਰੇਸ਼ਾਨ ਬਣਾ ਕੇ ਵਿਆਹ ਕਰਨਾ ਇਕ ਸਿੱਖ ਨੂੰ ਤਾਂ ਬਿਲਕੁਲ ਨਹੀਂ ਜਚਦਾ ਅਤੇ ਨਾ ਹੀ ਸ਼ੋਭਦਾ ਹੈ।

ਉਕਤ ਲਿਖਤਾਂ ਵਿਚ ਨਿੱਕੀਆਂ ਨਿੱਕੀਆਂ ਗੱਲਾਂ ਨੂੰ ਲੈ ਕੇ ਵੀ ਹਦਾਇਤਾਂ ਕੀਤੀਆਂ ਗਈਆਂ ਹਨ ਜਿਨ੍ਹਾਂ ਤੇ ਚੱਲਣ ਨਾਲ ਇਸ ਪਵਿੱਤਰ ਕਾਰਜ ਦੀ ਪਵਿੱਤਰਤਾ ਬਣੀ ਰਹਿੰਦੀ ਹੈ, ਸਗੋਂ ਹੋਰ ਵਿਕਸਤ ਹੁੰਦੀ ਹੈ।

ਛੋਟੀ ਉਮਰ ਦੇ ਵਿਆਹਾਂ ਨੂੰ ਰੋਕ ਕੇ ਅਤੇ ਵਿਧਵਾਵਾਂ ਦੇ ਪੁਨਰ ਵਿਆਹ ਕਰਵਾਣ ਦੀ ਖੁੱਲ੍ਹ ਬਖਸ਼ ਕੇ ਗੁਰਸਿੱਖ ਰਹੁ-ਰੀਤੀ ਨੇ ਵਿਆਹ ਦੀ ਇਸ ਸੰਸਥਾ ਨੂੰ ਕਈ ਪੱਖਾਂ ਤੋਂ ਨਰੋਆ ਤੇ ਆਦਰ ਜਨਕ ਬਣਾ ਦਿੱਤਾ। ਇਹੀ ਕਾਰਨ ਹੈ ਕਿ ਅੱਜ ਵੀ ਵਿਸ਼ਵ ਭਰ ਵਿਚ ਹੋ ਰਹੇ ਵਿਹਾਵਾਂ ਵਿਚੋਂ ਸਿੱਖ ਮਰਿਆਦਾ ਅਨੁਸਾਰ ਰਚਾਏ ਆਨੰਦ ਕਾਰਜ ਸਭ ਤੋਂ ਵਧ ਸਫਲ ਹਨ

ਅਤੇ ਇਨ੍ਹਾਂ ਦੀ ਤਲਾਕ ਦੀ ਸੰਖਿਆ ਨਾਂ ਮਾਤਰ ਹੈ ਅਤੇ ਗੁਰ ਆਸ਼ੇ ਅਨੁਸਾਰ ਹੋਏ ਆਨੰਦ ਕਾਰਜ ਨੂੰ ਕਿਸੇ ਕਾਰਨ ਵੀ ਤੋੜਨ ਤੋਂ ਪਹਿਲੇ ਹਰ ਕੋਈ ਬੜੇ ਠਰੰਮੇ ਨਾਲ ਸੋਚਦਾ ਹੈ ਤੇ ਇਸਨੂੰ ਤੁੜਵਾ ਕੇ ਪਾਪ ਦਾ ਭਾਗੀ ਨਹੀਂ ਬਣਨਾ ਚਾਹੁੰਦਾ ਕਿਉਂਕਿ ਆਨੰਦ ਕਾਰਜ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਸੰਪੰਨ ਹੁੰਦੇ ਹਨ ਇਸ ਲਈ ਇਨ੍ਹਾਂ ਨੂੰ ਤੋੜਨਾ ਆਪਣੀ ਵਚਨਬੱਧਤਾ ਤੋਂ ਅਤੇ ਗੁਰੂ ਤੋਂ ਬੇਮੁਖ ਹੋਣਾ ਹੈ ਜੋ ਸਰਾਸਰ ਗ਼ਲਤ ਹੈ। ਸਿੱਖ ਰਹੁ-ਰੀਤੀ ਵਿੱਚ ਆਨੰਦ ਕਾਰਜ ਦੋ ਆਤਮਾਵਾਂ ਦਾ ਮੇਲ ਹੈ, ਕੇਵਲ ਸਰੀਰਾਂ ਦਾ ਨਹੀਂ। ਆਪਸੀ ਬਰਾਬਰੀ, ਸੂਝ ਬੂਝਤਾ, ਪਰਪੱਕ ਵਿਸ਼ਵਸਨੀਅਤਾ, ਆਨੰਦ ਕਾਰਜੀ ਵਿਆਹ ਪਰਣਾਲੀ ਦੇ ਕੁਝ ਅਜਿਹੇ ਸ਼ਕਤੀਸ਼ਾਲੀ ਸਤੰਬ ਹਨ ਜਿਹੜੇ ਇਸ ਪਵਿੱਤਰ ਮਰਿਆਦਾ ਨੂੰ ਮਜ਼ਬੂਤੀ ਬਖਸ਼ਦੇ ਹਨ, ਪਿਆਰ ਭਰਿਆ ਖੇੜਾ ਬਖਸ਼ਦੇ ਹਨ ਤੇ ਚੜ੍ਹਦੀ ਕਲਾ ਦੀ ਭਾਵਨਾ ਵਿਚ ਵਿਚਰਦਿਆਂ ਹੋਇਆਂ ਵਿਆਹੁਤਾ ਜੀਵਨ ਦੀ ਗੱਡੀ ਅੱਗੇ ਤੋਰਨ ਦੀ ਸ਼ਕਤੀ ਪਰਦਾਨ ਕਰਦੇ ਹਨ। ਆਨੰਦ ਕਾਰਜੀ ਪਰਣਾਲੀ ਵਿਚ ਇਤਨੀ ਪਾਕੀਜ਼ਗੀ ਦਾ ਇਕ ਵੱਡਾ ਤੇ ਮਹੱਤਵਪੂਰਨ ਕਾਰਨ ਇਹ ਵੀ ਹੈ ਕਿ ਆਨੰਦ ਕਾਰਜ ਦੀ ਸਮੁੱਚੀ ਮਰਿਆਦਾ ਵਿਚ ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਜ਼ਮਤ, ਮਹੱਤਤਾ, ਪ੍ਰਭੁਤਾ, ਸਰਪ੍ਰਸਤੀ ਉੱਪਰ ਅਥਾਹ ਨਿਸ਼ਚਾ, ਬੇਪਨਾਹ ਸ਼ਰਧਾ ਅਤੇ ਅਟੁੱਟ ਓਟ ਆਸਰਾ ਪ੍ਰਬਲ ਰੂਪ ਵਿਚ ਵਿਦਮਾਨ ਹੁੰਦਾ ਹੈ ਅਤੇ ਇਸ 'ਸ਼ਬਦ ਗੁਰੂ' ਬਾਰੇ ਹਰ ਹਿਰਦੇ ਵਿਚ ਸਤਿਕਾਰੀ ਭਾਵਨਾ ਸੁਤੇ ਸਿਧ ਤੇਜਮਾਨ ਹੈ। ਗੁਰੂ ਗ੍ਰੰਥ ਸਾਹਿਬ ਦੀ ਪਰਤਿਸ਼ਠਾਜਨਕ ਸਰਪ੍ਰਸਤੀ, ਨਵ ਜੋੜੀ ਨੂੰ ਸਾਂਝੀ ਇੱਜ਼ਤ ਆਬਰੂ ਵਿਚ ਜੀਣ ਅਤੇ ਸੰਗ ਸਾਥ ਬਣਾਈ ਰੱਖਣ ਲਈ ਸ਼ਕਤੀਸ਼ਾਲੀ ਅਧਾਰ ਪ੍ਰਦਾਨ ਕਰਦੀ ਹੈ ਅਤੇ ਇਹ ਅਧਾਰ ਉਨ੍ਹਾਂ ਨੂੰ ਸਾਰੀ ਉਮਰ ਨਾ ਤਾਂ ਟੁੱਟਣ ਦੇਂਦਾ ਹੈ ਤੇ ਨਾ ਹੀ ਭਟਕਣ ਦੇਂਦਾ ਹੈ।

**ਜੋੜੀ ਜੁੜੈ ਨ ਤੋੜੀ ਤੂਟੈ**
**ਜਬ ਲਗੁ ਹੋਇ ਬਿਨਾਸੀ॥** *(ਅੰਕ-334)*

# 6

# ਆਨੰਦ ਕਾਰਜ ਦੀ ਰਸਮ, ਪਲੈ ਤੈਡੈ ਲਾਗੀ

ਸਿੱਖ ਸੱਭਿਆਚਾਰ ਵਿਚ ਸ਼ਾਦੀ ਜਾਂ ਵਿਵਾਹ ਨੂੰ ਇਕ ਸਮਾਜਿਕ ਤੇ ਸਦਾਚਾਰਿਕ ਜ਼ਰੂਰਤ ਸਮਝਿਆ ਜਾਂਦਾ ਹੈ। ਇਹ ਅਜਿਹਾ ਸੱਭਿਆਚਾਰਿਕ ਵਿਵਹਾਰ ਹੈ ਜਿਸ ਤੇ ਆਤਮਿਕ ਪਾਹ ਚੜ੍ਹੀ ਹੋਈ ਹੈ। ਪਵਿੱਤਰਤਾ ਦੇ ਵਾਤਾਵਰਨ ਵਿਚ ਰਚਾਇਆ ਗਿਆ ਇਹ ਸ਼ੁਭ ਆਨੰਦ ਕਾਰਜ ਸਾਰਾ ਜੀਵਨ ਆਪਣੀ ਮਰਿਆਦਾ ਦੀਆਂ ਸੀਮਾਵਾਂ ਦੀ ਪਛਾਣ ਬਣਾਈ ਰਖਦਾ ਹੈ। ਸ਼ਾਦੀ ਦਾ ਹਰ ਪਹਿਲੂ ਗੁਰਬਾਣੀ ਤੇ ਗੁਰਸਿੱਖੀ ਚੱਜ ਅਚਾਰ ਦੇ ਅਨੁਕੂਲ ਆਪਣੀ ਮੰਜ਼ਲ ਵਲ ਵਧਦਾ ਹੈ ਤੇ ਸਤਿਗੁਰਾਂ ਦੀਆਂ ਬਖਸ਼ਸ਼ਾਂ ਦਾ ਪਾਤਰ ਬਣਦਾ ਰਹਿੰਦਾ ਹੈ।

ਜਦ ਲੜਕੀ ਦੇ ਘਰ ਬਰਾਤ ਆਉਂਦੀ ਹੈ ਤਦ ਸਭ ਤੋਂ ਪਹਿਲੇ ਮਿਲਣੀ ਦੀ ਰਸਮ ਅਦਾ ਕਰਨ ਤੋਂ ਪਹਿਲੇ ਆਪਸੀ ਸਨੇਹ ਪ੍ਰਗਟਾਉਂਦਿਆਂ ਹੋਇਆਂ ਲੜਕੀ ਵਾਲਿਆਂ ਵਲੋਂ 'ਹਮ ਘਰਿ ਸਾਜਨ ਆਏ' ਦਾ ਸ਼ਬਦ ਪੜ੍ਹਿਆ ਜਾਂਦਾ ਹੈ ਅਤੇ ਇਸ ਤੋਂ ਮਗਰੋਂ ਅਰਦਾਸ ਹੁੰਦੀ ਹੈ। ਇਸ ਪਿਛੋਂ ਹੀ ਮਿਲਣੀ ਹੁੰਦੀ ਹੈ। ਜਦ ਮਿਲਣੀ ਹੋ ਹਟਦੀ ਹੈ ਤਾਂ ਚਾਹ ਪਾਣੀ ਪੀਣ ਉਪਰੰਤ ਬਰਾਤ ਅਤੇ ਲੜਕੀ ਦੇ ਘਰ ਵਾਲੇ ਲੜਕੇ, ਲੜਕੀ ਤੇ ਨਜ਼ਦੀਕ ਦੇ ਰਿਸ਼ਤੇਦਾਰਾਂ ਨੂੰ ਲੈ ਕੇ ਗੁਰਦਵਾਰਾ ਸਾਹਿਬ ਪਹੁੰਚਦੇ ਹਨ। ਆਨੰਦ ਕਾਰਜ ਦੀ ਧਾਰਮਿਕ ਰਸਮ ਇਥੋਂ ਪ੍ਰਾਰੰਭ ਹੁੰਦੀ ਹੈ। ਕੁਝ ਦੇਰ ਲਈ ਰਾਗੀ ਸਿੰਘ ਗੁਰਬਾਣੀ ਕੀਰਤਨ ਕਰਦੇ ਹਨ। ਲਾੜੇ ਤੇ ਲਾੜੀ ਨੂੰ ਗੁਰੂ ਗ੍ਰੰਥ ਸਾਹਿਬ ਦੇ ਸਨਮੁਖ ਬਿਠਾ ਦਿੱਤਾ ਜਾਂਦਾ ਹੈ ਅਤੇ ਲੜਕੇ ਤੇ ਲੜਕੀ ਦੀਆਂ ਭੈਣਾਂ ਰਲ ਕੇ ਲੜਕੇ ਦੀ ਦਸਤਾਰ ਤੇ ਸਜਿਆ ਹੋਇਆ ਸਿਹਰਾ ਤੇ ਕਲਗੀ ਉਤਾਰਦੀਆਂ ਹਨ। ਲੜਕੀ, ਲੜਕੇ ਦੇ ਖੱਬੇ ਹੱਥ ਬੈਠਦੀ ਹੈ। ਕੀਰਤਨ ਤੋਂ ਮਗਰੋਂ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠਾ ਗ੍ਰੰਥੀ ਕਾਰਜ ਪ੍ਰਾਰੰਭ ਕਰਨ ਤੋਂ ਪਹਿਲੇ ਗੁਰੂ ਗ੍ਰੰਥ ਸਾਹਿਬ ਤੋਂ ਹੁਕਮਨਾਮਾ ਲੈਂਦਾ ਹੈ ਅਤੇ ਫਿਰ ਲੜਕੇ, ਲੜਕੀ ਤੇ ਉਨ੍ਹਾਂ ਦੇ ਮਾਪਿਆਂ ਨੂੰ ਖੜਾ ਹੋਣ ਲਈ ਬੇਨਤੀ ਕਰਦਾ ਹੈ ਤਾਕਿ ਨਵ ਜੋੜੀ ਦੇ ਮੰਗਲਮਈ ਜੀਵਨ ਅਤੇ ਆਨੰਦ ਕਾਰਜ ਦੀ ਰਸਮ ਨਿਰਵਿਘਨ ਸੰਪੰਨ ਹੋਣ ਲਈ ਅਰਦਾਸ ਕੀਤੀ ਜਾ ਸਕੇ। ਇਸ ਅਰਦਾਸ ਦੇ ਸਮੇਂ ਬਾਕੀ ਸਾਰੀ ਸੰਗਤ ਸਜੀ ਰਹਿੰਦੀ ਹੈ। ਅਰਦਾਸ ਤੋਂ ਮਗਰੋਂ ਰਾਗੀ

ਸਿੰਘ ਗੁਰਬਾਣੀ ਦੀਆਂ ਨਿਮਨ ਪੰਗਤੀਆਂ ਦਾ ਗਾਇਨ ਕਰਦੇ ਹਨ :

**ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ॥**
**ਕਾਰਜੁ ਦੇਇ ਸਵਾਰਿ ਸਤਿਗੁਰ ਸਚੁ ਸਾਖੀਐ॥** *(ਅੰਕ-91)*

ਇਸ ਸ਼ਬਦ ਦੇ ਗਾਇਨ ਉਪਰੰਤ ਗ੍ਰੰਥੀ ਸਿੰਘ, ਸਿੱਖ ਧਰਮ ਵਿਚ ਆਨੰਦ ਕਾਰਜ ਦੀ ਮਹੱਤਤਾ ਉਤੇ ਸੰਖੇਪ ਜਹੀ ਰੌਸ਼ਨੀ ਪਾਉਂਦਾ ਹੋਇਆ ਜੋੜੀ ਨੂੰ ਉੱਤਮ ਤੇ ਸਦਾਚਾਰੀ ਜੀਵਨ ਬਤੀਤ ਕਰਨ ਅਤੇ ਜੇਕਰ ਉਨ੍ਹਾਂ ਨੇ ਅੰਮ੍ਰਿਤਪਾਨ ਨਹੀਂ ਕੀਤਾ ਹੋਇਆ ਤਾਂ ਅੰਮ੍ਰਿਤ ਛਕਣ ਲਈ ਪਰੇਰਨਾ ਕਰਦਾ ਹੈ ਅਤੇ ਲਾਵਾਂ ਲੈਣ ਦੀ ਵਿਧੀ ਸਮਝਾਉਂਦਾ ਹੈ। ਇਵੇਂ ਏਕ ਜੋਤਿ ਦੁਇ ਮੂਰਤੀ ਹੋਣ ਦਾ ਅਮਲ ਸ਼ੁਰੂ ਹੁੰਦਾ ਹੈ। ਲੜਕੀ ਦਾ ਪਿਤਾ ਲਾਵਾਂ ਤੋਂ ਪਹਿਲੇ ਇਕ ਗੁਲਾਬੀ ਰੰਗ ਦਾ ਪੱਲਾ ਲੈ ਕੇ ਉਸਦਾ ਇਕ ਸਿਰਾ ਲੜਕੀ ਨੂੰ ਪਕੜਾਂਦਾ ਹੈ ਤੇ ਦੂਜਾ ਲੜਕੇ ਦੇ ਮੋਢੇ ਤੋਂ ਲੰਘਾ ਕੇ ਉਸਦੇ ਹੱਥ ਵਿਚ ਫੜਾ ਕੇ ਦੋਨਾਂ ਦੇ ਸਿਰਾਂ ਤੇ ਹੱਥ ਰੱਖ ਕੇ ਆਸ਼ੀਰਵਾਦ ਦੇਂਦਾ ਹੈ। ਰਾਗੀ ਸਿੰਘ ਉਸ ਸਮੇਂ ਗੁਰਬਾਣੀ ਦੀ ਨਿਮਨ ਪੰਗਤੀ ਦਾ ਗਾਇਨ ਕਰਦੇ ਹਨ :

**ਉਸਤਤਿ ਨਿੰਦਾ ਨਾਨਕ ਜੀ ਮੈ ਹਭ ਵਞਾਈ**
**ਛੋੜਿਆ ਹਭੁ ਕਿਝੁ ਤਿਆਗੀ॥**
**ਹਭੇ ਸਾਕ ਕੂੜਾਵੇ ਡਿਠੇ**
**ਤਉ ਪਲੈ ਤੈਡੈ ਲਾਗੀ॥** *(ਅੰਕ-963)*

ਇਹ ਪੰਗਤੀਆਂ ਲੜਕੀ ਤੇ ਲੜਕੇ ਦੇ ਗਰਿਸਤ ਆਸ਼ਰਮ ਵਿਚ ਪ੍ਰਵੇਸ਼ ਕਰਨ ਨਾਲ ਜੀਵਨ ਵਿਚ ਵਾਪਰਨ ਵਾਲੇ ਵੱਡੇ ਭਾਰੇ ਪਲਟੇ ਦੀ ਮਹੱਤਤਾ ਦਰਸਾਉਂਦੀਆਂ ਹਨ। ਲੜਕੀ ਨੂੰ ਅਹਿਸਾਸ ਹੋ ਜਾਂਦਾ ਹੈ ਕਿ ਜਿਸ ਮਾਂ ਪਿਓ, ਭੈਣ ਭਰਾਵਾਂ, ਰਿਸ਼ਤੇਦਾਰਾਂ ਨੇ ਉਸਨੂੰ ਚੰਗਾ ਪੜ੍ਹਾ ਲਿਖਾ ਤੇ ਪਾਲ ਪੋਸ ਕੇ ਵੱਡਾ ਕੀਤਾ ਹੈ ਅੱਜ ਉਹ ਖੁਸ਼ੀ ਖੁਸ਼ੀ ਉਸਦੇ ਵਿਆਹੁਤਾ ਜੀਵਨ ਦੇ ਮੰਗਲਮਈ ਵਸੇਬੇ ਵਾਸਤੇ ਗੁਰੂ ਦੀ ਹਜ਼ੂਰੀ ਵਿਚ ਤੇ ਸਮੂਹ ਸੰਗਤ ਅਤੇ ਰਿਸ਼ਤੇਦਾਰਾਂ ਦੀ ਸੰਗਤ ਵਿਚ ਉਸਦੇ ਜੀਵਨ ਸਾਥੀ ਦੇ ਲੜ ਲਾਣ ਦਾ ਖੁਸ਼ਗਵਾਰ ਫਰਜ਼ ਪੂਰਾ ਕਰ ਰਹੇ ਹਨ। ਪਹਿਲੀਆਂ ਰਿਸ਼ਤੇਦਾਰੀਆਂ ਦੇ ਨਾਲ ਨਾਲ ਨਵੀਆਂ ਰਿਸ਼ਤੇਦਾਰੀਆਂ ਤੇ ਜ਼ਿੰਮੇਵਾਰੀਆਂ ਸਾਹਮਣੇ ਆ ਖੜਦੀਆਂ ਹਨ ਜਿਨ੍ਹਾਂ ਨੂੰ ਸਵੀਕਾਰਨਾ ਜ਼ਿੰਦਗੀ ਦੀ ਅਸਲੀਅਤ ਬਣ ਜਾਂਦੀ ਹੈ। ਇਵੇਂ ਪਰਸਪਰ ਪਿਆਰ ਅਤੇ ਆਪਸੀ ਵਿਸ਼ਵਾਸ ਤੇ ਅਪਣੱਤ ਦੀ ਗੰਢ ਬੱਝਦੀ ਹੈ ਜੋ ਸੁਖੀ ਸਵਾਦਲੇ ਗਰਿਸਤੀ ਜੀਵਨ ਦਾ ਮੂਲ ਅਧਾਰ ਹੈ।

ਇਸ ਰਸਮ ਤੋਂ ਮਗਰੋਂ ਗ੍ਰੰਥੀ ਸਿੰਘ ਗੁਰੂ ਗ੍ਰੰਥ ਸਾਹਿਬ ਦੇ ਅੰਕ 773/74 ਤੇ ਅੰਕਤ ਚੌਥੇ ਪਾਤਸ਼ਾਹ ਗੁਰੂ ਰਾਮ ਦਾਸ ਸਾਹਿਬ ਦੇ ਮੁਖਾਰਬਿੰਦ ਤੋਂ ਉਚਾਰਨ ਕੀਤੀਆਂ ਰਾਗ ਸੂਹੀ ਵਿਚ ਗਾਈਆਂ ਜਾਣ ਵਾਲੀਆਂ ਚਾਰ ਲਾਵਾਂ ਵਿਚੋਂ ਪਹਿਲੀ ਲਾਂਵ ਦਾ ਉਚਾਰਨ ਕਰਦਾ ਹੈ। ਲਾਂਵ ਦੇ ਪਾਠ ਦੀ ਸਮਾਪਤੀ ਤੋਂ ਮਗਰੋਂ ਲਾੜਾ ਤੇ ਲਾੜੀ ਗੁਰੂ ਗ੍ਰੰਥ ਸਾਹਿਬ ਅੱਗੇ ਬੜੇ ਸਤਿਕਾਰ ਨਾਲ ਮੱਥਾ ਟੇਕ ਕੇ ਗੁਰੂ ਗ੍ਰੰਥ ਸਾਹਿਬ ਦੀ ਪਰਕਰਮਾ ਕਰਦੇ ਹਨ ਅਤੇ ਜਦ ਤਕ ਇਹ ਪਰਕਰਮਾ ਸੰਪੰਨ ਨਹੀਂ ਹੋ ਜਾਂਦੀ ਰਾਗੀ ਸਿੰਘ ਪਹਿਲੀ ਲਾਂਵ ਦੇ ਪਾਠ ਦਾ ਗਾਇਨ ਕਰਦੇ ਰਹਿੰਦੇ ਹਨ। ਪਰਕਰਮਾ ਪੂਰੀ ਹੋਣ ਤੇ ਦੋਨੋਂ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਮੱਥਾ ਟੇਕ ਕੇ ਚੌਂਕੜਾ ਮਾਰ ਕੇ ਬੈਠ ਜਾਂਦੇ ਹਨ ਅਤੇ ਫਿਰ ਗ੍ਰੰਥੀ ਸਿੰਘ ਦੂਜੀ ਲਾਂਵ ਦਾ ਪਾਠ ਉਚਾਰਦਾ ਹੈ ਅਤੇ ਜਦ ਪਾਠ ਸੰਪੰਨ ਹੋ ਜਾਂਦਾ ਹੈ ਤਾਂ ਲਾੜੇ ਲਾੜੀ ਵਲੋਂ ਪਹਿਲੀ ਲਾਂਵ ਵਾਂਗ ਹੀ ਦੂਜੀ ਲਾਂਵ ਤੇ ਇਸ ਤੋਂ ਅੱਗੇ ਤੀਜੀ ਤੇ ਚੌਥੀ ਲਾਂਵ ਪੂਰੀ ਸਹਿਜਤਾ ਤੇ ਸੁਹਜਤਾ ਨਾਲ ਸੰਪੰਨ ਕੀਤੀ ਜਾਂਦੀ ਹੈ। ਚਾਰੇ ਲਾਵਾਂ ਦੀ ਸੰਪੰਨਤਾ ਦੇ ਨਾਲ ਹੀ ਰਾਗੀ ਸਿੰਘ ਆਨੰਦ ਸਾਹਿਬ ਦੀ ਬਾਣੀ ਵਿਚੋਂ ਪਹਿਲੀਆਂ 5 ਪਉੜੀਆਂ ਤੇ ਅੰਤਲੀ ਪਉੜੀ ਦਾ ਗਾਇਨ ਕਰਨ ਤੋਂ ਪਹਿਲੇ ਵਿਆਹ ਦੀ ਸੰਪੰਨਤਾ ਦੀ ਖ਼ੁਸ਼ੀ ਵਿਚ ਸ਼ੁਕਰਾਨੇ ਤੇ ਮੁਬਾਰਕਾਂ ਵਜੋਂ ਗੁਰਬਾਣੀ ਦਾ ਇਹ ਸ਼ਬਦ ਗਾਉਂਦੇ ਹਨ :

**ਵੀਆਹੁ ਹੋਆ ਮੇਰੇ ਬਾਬੁਲਾ**
**ਗੁਰਮੁਖੇ ਹਰਿ ਪਾਇਆ॥** *(ਅੰਕ-78)*

ਇਸ ਸਮੇਂ ਇਸ਼ਾਰੇ ਇਸ਼ਾਰੇ ਨਾਲ ਸਾਰੇ ਸਾਕ ਸਬੰਧੀ ਇਕ ਦੂਜੇ ਨੂੰ ਵਧਾਈਆਂ ਦੇਂਦੇ ਹਨ ਅਤੇ ਸਾਰੀ ਸੰਗਤ ਨਵੇਂ ਵਿਹਾਂਦੜਾਂ ਸਮੇਤ ਅਰਦਾਸ ਲਈ ਤਤਪਰ ਹੋ ਜਾਂਦੀ ਹੈ। ਅਰਦਾਸ ਵਿਚ ਆਨੰਦ ਕਾਰਜ ਦੀ ਰਸਮ ਨਿਰਵਿਘਨ ਤੇ ਗੁਰਮਰਿਆਦਾ ਅਨੁਸਾਰ ਨੇਪਰੇ ਚੜ੍ਹਨ ਤੇ ਸਤਿਗੁਰਾਂ ਦਾ ਧੰਨਵਾਦ ਕੀਤਾ ਜਾਂਦਾ ਹੈ ਅਤੇ ਨਵੀਂ ਸਜੀ ਜੋੜੀ ਲਈ ਅਸੀਸਾਂ ਦਾ ਵਰਦਾਨ ਮੰਗਿਆ ਜਾਂਦਾ ਹੈ। ਅਰਦਾਸੇ ਤੋਂ ਮਗਰੋਂ ਹੁਕਮਨਾਮਾ ਲਿਆ ਜਾਂਦਾ ਹੈ ਅਤੇ ਗੁਰਦਵਾਰਾ ਸਾਹਿਬ ਵਲੋਂ ਜੋੜੀ ਨੂੰ ਗਰਿਸਤ ਆਸ਼ਰਮ ਵਿਚ ਪ੍ਰਵੇਸ਼ ਕਰਕੇ ਸੁਚੱਜਾ ਜੀਵਨ ਬਤੀਤ ਕਰਨ ਲਈ ਜੀ ਆਇਆਂ ਕਿਹਾ ਜਾਂਦਾ ਹੈ ਅਤੇ ਸਰੋਪੇ ਨਾਲ ਨਿਵਾਜਿਆ ਜਾਂਦਾ ਹੈ।

ਇਸ ਤਰ੍ਹਾਂ 'ਪਲੈ ਤੈਡੈ ਲਾਗੀ' ਦੀ ਖ਼ੂਬਸੂਰਤ ਰਸਮ ਹਰ ਸਟੇਜ ਤੇ ਗੁਰਬਾਣੀ ਤੇ ਸਤਿਗੁਰਾਂ ਦਾ ਓਟ ਆਸਰਾ ਲੈਂਦਿਆਂ ਹੋਇਆਂ ਸੰਪੰਨ ਹੁੰਦੀ

ਹੈ ਅਤੇ ਕੁਝ ਚਿਰ ਪਹਿਲੇ ਦੋ ਸਾਧਾਰਨ ਰੂਪ ਵਿਚ ਇਕ ਦੂਜੇ ਨੂੰ ਜਾਣਨ ਵਾਲੇ ਨੌਜਵਾਨ 'ਏਕ ਜੋਤਿ' ਦਾ ਰੂਪ ਸਰੂਪ ਗ੍ਰਹਿਣ ਕਰਕੇ ਸਤਿਗੁਰਾਂ ਦਾ ਧੰਨਵਾਦ ਕਰਨ ਉਪਰੰਤ, **ਆਨੰਦ ਭਇਆ ਮੇਰੀ ਮਾਏ** ਦੀ ਭਾਵਨਾ ਨਾਲ ਗਦ ਗਦ ਹੋਏ ਹੋਏ ਵਿਦਾ ਲੈਂਦੇ ਹਨ। ਗੁਰਦਵਾਰਾ ਸਾਹਿਬ ਤੋਂ ਬਾਹਰ ਆ ਕੇ ਰਿਸ਼ਤੇਦਾਰਾਂ, ਸਾਕ ਸਬੰਧੀਆਂ, ਮਾਪਿਆਂ ਤੇ ਦੋਸਤਾਂ ਮਿੱਤਰਾਂ ਵਲੋਂ ਉਨ੍ਹਾਂ ਨੂੰ ਮੁਬਾਰਕਾਂ ਦਿੱਤੀਆਂ ਜਾਂਦੀਆਂ ਹਨ, ਗਲਾਂ ਵਿਚ ਹਾਰ ਪਾਏ ਜਾਂਦੇ ਹਨ, ਖੁਸ਼ੀਆਂ ਸਾਂਝੀਆਂ ਕਰਦੇ ਹੋਏ ਯਾਦਗਾਰੀ ਚਿੱਤਰ ਖਿੱਚੇ ਜਾਂਦੇ ਹਨ ਅਤੇ ਫਿਰ ਦੋਨੋਂ ਜਿਧਰ ਵੀ ਜਾਂਦੇ ਹਨ ਇਕੱਠੇ ਹੀ ਜਾਂਦੇ ਹਨ। ਥੋੜ੍ਹੀ ਥੋੜ੍ਹੀ ਸੰਗ, ਥੋੜ੍ਹੀ ਥੋੜ੍ਹੀ ਸ਼ਰਮ ਤੇ ਥੋੜ੍ਹਾ ਥੋੜ੍ਹਾ ਝਾਕਾ ਕੁਝ ਦੇਰ ਤਕ ਉਨ੍ਹਾਂ ਨਾਲ ਜ਼ਰੂਰ ਰਹਿੰਦਾ ਹੈ ਪਰ ਪਲਾਂ ਪਲਾਂ ਵਿਚ ਇਕ ਅੱਲੜ੍ਹ ਮੁਟਿਆਰ, ਚਾਚੀ, ਮਾਮੀ ਦਾ ਰੋਲ ਅਦਾ ਕਰਦਿਆਂ ਹੋਇਆਂ ਆਪਣੇ ਸੁਹਰੇ ਪਰਿਵਾਰ ਦੀਆਂ ਨਵੀਆਂ ਬਣੀਆਂ ਰਿਸ਼ਤੇਦਾਰੀਆਂ ਨਾਲ ਆਪਣੀ ਸਾਂਝ, ਉਨ੍ਹਾਂ ਪ੍ਰਤੀ ਆਪਣਾ ਪਿਆਰ ਤੇ ਸਤਿਕਾਰ ਵਿਅਕਤ ਕਰਕੇ ਖੁਸ਼ੀ ਵਿਚ ਫੂਲੀ ਨਹੀਂ ਸਮਾਉਂਦੀ। ਇਹੀ ਹਾਲ ਲਾੜੇ ਦਾ ਵੀ ਹੁੰਦਾ ਹੈ। ਲਾਵਾਂ ਫੇਰਿਆਂ ਤੋਂ ਮਗਰੋਂ ਪਹਿਲੀ ਵਾਰੀ ਜਦ ਨਵ ਵਿਆਹੁਤਾ ਜੋੜੀ ਇਕੱਠਿਆਂ ਵਿਆਹ ਦੇ ਸਮਾਗਮ ਵਾਲੇ ਪੰਡਾਲ ਵਿਚ ਪਹੁੰਚਦੀ ਹੈ ਤਾਂ ਉਥੇ ਹਾਜ਼ਰ ਸਾਰੇ ਮਹਿਮਾਨ ਖੜ੍ਹੇ ਹੋ ਕੇ ਜੋੜੀ ਦਾ ਇਸਤਕਬਾਲ ਕਰਦੇ ਹਨ। ਯਾਰ ਦੋਸਤ ਦੋਹਾਂ ਨੂੰ ਮਖ਼ੌਲਾਂ ਕਰਦੇ ਹਨ, ਖੁਸ਼ੀਆਂ ਸਾਂਝੀਆਂ ਕਰਦੇ ਨਹੀਂ ਥਕਦੇ ਤੇ ਇਵੇਂ ਸਾਰਾ ਵਾਤਾਵਰਨ ਖੁਸ਼ੀਆਂ ਖੇੜਿਆਂ ਨਾਲ ਰੰਗਿਆ ਪਰਤੀਤ ਹੁੰਦਾ ਹੈ।

ਖਾਣੇ ਦੇ ਟਾਈਮ, ਦੋਨੋਂ ਮੀਆਂ ਬੀਵੀ ਬੜੇ ਚਾਵਾਂ ਨਾਲ ਖਾਣਾ ਇਕੱਠਾ ਖਾਂਦੇ ਹਨ। ਪਿਆਰ ਨਾਲ ਇਕ ਦੂਜੇ ਦੇ ਮੂੰਹ ਵਿਚ ਖਾਣੇ ਦੇ ਚੰਮਚ ਪਾਏ ਜਾਂਦੇ ਹਨ। ਸਭ ਇਨ੍ਹਾਂ ਦੇ ਇਹ ਚੋਜ ਦੇਖ ਕੇ ਇਨ੍ਹਾਂ ਦੇ ਖੁਸ਼ਹਾਲ ਜੀਵਨ ਦੀ ਕਾਮਨਾ ਕਰਦੇ ਹਨ ਤੇ ਇਵੇਂ, ਸਤਿਗੁਰਾਂ ਦੀਆਂ ਮਿਹਰਾਂ ਤੇ ਬਖਸ਼ਸ਼ਾਂ ਸਦਕਾ ਇਹ ਖੁਸ਼ੀਆਂ ਸਦਾ ਬਹਾਰ ਬਣ ਜਾਂਦੀਆਂ ਹਨ।

**ਅਨਦ ਕਰਹਿ ਨਰ ਨਾਰੀ**
**ਹਰਿ ਹਰਿ ਪ੍ਰਭਿ ਕਿਰਪਾ ਧਾਰੀ॥** *(ਅੰਕ-628)*

# 7

# ਆਨੰਦ ਕਾਰਜ ਸਮੇਂ ਪੜ੍ਹੀਆਂ ਜਾਣ ਵਾਲੀਆਂ ਚਾਰ ਲਾਵਾਂ ਦਾ ਸੰਦੇਸ਼ ਕੀ ਹੈ?

ਗੁਰੂ ਰਾਮਦਾਸ ਜੀ ਨੇ ਪ੍ਰਭੂ ਪ੍ਰਮਾਤਮਾ ਨਾਲ ਅਭੇਦਤਾ ਲਈ ਜੋ ਚਾਰ ਲਾਵਾਂ ਸੂਹੀ ਰਾਗ ਵਿਚ ਰਚੀਆਂ ਹਨ ਉਹ ਗੁਰੂ ਗ੍ਰੰਥ ਸਾਹਿਬ ਦੇ ਅੰਕ 773, 774 ਤੇ ਸੁਭਾਇਮਾਨ ਹਨ। ਸਿੱਖ ਪਰਿਵਾਰਾਂ ਦੇ ਆਨੰਦ ਕਾਰਜ ਸਮੇਂ ਇਹ ਚਾਰੇ ਲਾਵਾਂ ਵਾਰੀ ਵਾਰੀ ਪੜ੍ਹੀਆਂ ਜਾਂਦੀਆਂ ਹਨ ਅਤੇ ਜਦ ਲਾੜਾ ਤੇ ਲਾੜੀ ਹਰ ਲਾਂਵ ਸਮੇਂ ਗੁਰੂ ਗ੍ਰੰਥ ਸਾਹਿਬ ਦੇ ਇਰਦ ਗਿਰਦ ਪਰਕਰਮਾ ਕਰਦੇ ਹਨ ਤਾਂ ਰਾਗੀ ਸਿੰਘ ਸਬੰਧਤ ਲਾਂਵ ਨੂੰ ਉਤਨੀ ਦੇਰ ਤਕ ਗਾਉਂਦੇ ਰਹਿੰਦੇ ਹਨ ਜਦ ਤਕ ਕਿ ਸੁਭਾਗ ਜੋੜੀ ਪਰਕਰਮਾ ਪੂਰੀ ਨਹੀਂ ਕਰ ਲੈਂਦੀ।

ਇਨ੍ਹਾਂ ਚਾਰ ਲਾਵਾਂ ਦੁਆਰਾ ਮਨੁੱਖ ਇਸਤਰੀ ਪ੍ਰਭੂ ਪ੍ਰਮਾਤਮਾ ਰੂਪੀ ਲਾੜੇ ਨਾਲ ਪਰਨਾਈ ਜਾਣ ਤੇ ਪਰਮਾਤਮਾ ਦੇ ਸਦੀਵੀ ਮਿਲਾਪ ਤੇ ਅਭੇਦਤਾ ਲਈ ਚਾਰ ਚਰਣਾਂ ਵਿਚ ਆਪਣਾ ਪੰਧ ਮੁਕਾਂਦੀ ਹੈ। ਇਹ ਚਾਰ ਸਟੇਜਾਂ ਉਵੇਂ ਹੀ ਹਨ ਜਿਵੇਂ ਸੂਫੀ ਸਾਲਿਕ ਦੇ ਮੰਜ਼ਲ ਤਕ ਪਹੁੰਚਣ ਲਈ ਚਾਰ ਪੜਾਵ (1) ਨਾਸੂਤ, (2) ਮਲਕੂਤ (3) ਜਬਰੂਤ ਤੇ (4) ਮਾਰਫਤ ਹਨ।

ਪਹਿਲੀ ਲਾਂਵ ਜੋ **'ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਿ ਰਾਮ ਜੀਉ'** ਦੇ ਸ਼ਬਦਾਂ ਨਾਲ ਆਰੰਭ ਹੁੰਦੀ ਹੈ ਵਿਚ ਸੁੱਚੇ ਕਰਮਾਂ ਨੂੰ ਦ੍ਰਿੜ ਕਰਨ ਦਾ ਉਪਦੇਸ਼ ਦਿੱਤਾ ਗਿਆ ਹੈ। ਸੁੱਚਾ ਵਿਹਾਰ ਹੋਵੇ, ਪਰਉਪਕਾਰੀ ਬਿਰਤੀ ਬਣ ਜਾਵੇ, ਪ੍ਰਭੂ ਦੇ ਨਾਮ ਦੇ ਸਿਮਰਨ ਦੀ ਚੇਟਕ ਲਗ ਜਾਵੇ ਤਾਂ ਜ਼ਿੰਦਗੀ ਦਾ ਕਾਰ ਵਿਹਾਰ ਕਰਦਿਆਂ ਸਾਰੇ ਦੁਖ ਸੰਤਾਪ ਦੂਰ ਹੋ ਜਾਂਦੇ ਹਨ। ਪਹਿਲੀ ਲਾਂਵ ਸਾਨੂੰ ਸੁਦ੍ਰਿੜ ਕਰਵਾਂਦੀ ਹੈ ਕਿ ਨੇਕ ਕਿਰਤ ਕਮਾਈ ਕਰਕੇ ਪ੍ਰਭੂ ਪ੍ਰਮਾਤਮਾ ਦਾ ਨਾਮ ਸਿਮਰਨਾ ਹੈ, ਇਹ ਉੱਤਮ ਕਿਰਿਆ ਹੈ, ਪਰਮਾਤਮਾ ਨਾਲ ਪਰਨਾਏ ਜਾਣ ਦੀ ਪਹਿਲੀ ਲਾਂਵ ਹੈ। ਉੱਤਮ ਪ੍ਰਕਾਰ ਦਾ ਗਰਿਸਤੀ ਜੀਵਨ ਜੀਣ ਲਈ ਇਸਦੀ ਮਹੱਤਤਾ ਲਾਸਾਨੀ ਹੈ।

**'ਹਰਿ ਦੂਜੜੀ ਲਾਵ ਸਤਿਗੁਰ ਪੁਰਖੁ ਮਿਲਾਇਆ ਬਲਿ ਰਾਮ ਜੀਉ, ਨਿਰਭਉ ਭੈ ਮਨੁ ਹੋਇ ਹਉਮੈ ਮੈਲੁ ਗਵਾਇਆ ਬਲਿ ਰਾਮ ਜੀਉ'** ਦੇ ਪਵਿੱਤਰ ਬਚਨਾਂ ਨਾਲ ਦੂਜੀ ਲਾਂਵ ਪ੍ਰਾਰੰਭ ਹੁੰਦੀ ਹੈ। ਇਹ ਉੱਤਮ ਜੀਵਨ ਵਿਚ ਪ੍ਰਵੇਸ਼ ਕਰਨ ਲਈ ਦੂਜਾ ਪੜਾਅ ਹੈ। ਇਸ ਵਿਚ ਸੁੱਚੇ ਕਰਮਾਂ ਤੇ ਪ੍ਰਭੂ ਅਰਾਧਨਾ ਕਰਕੇ ਮਨ ਦੁਨਿਆਵੀ ਡਰਾਂ ਤੋਂ ਮੁਕਤ ਹੋ ਜਾਂਦਾ ਹੈ। ਦੁਨੀਆਂ ਦੇ ਕਾਰ ਵਿਹਾਰ ਕਰਦਿਆਂ ਹੋਇਆਂ ਵੀ ਚਿਤ ਦਾਤਾਰ ਵਲ ਕਰੀ ਰਖਣਾ ਹੈ ਜਿਸਦਾ ਪਸਾਰਾ ਹਰ ਪਾਸੇ ਪਸਰ ਰਿਹਾ ਹੈ। ਅਜਿਹੀ ਸੋਚ ਨੂੰ ਜ਼ਿੰਦਗੀ ਵਿਚ ਗ੍ਰਿਹਣ ਕਰਨ ਨਾਲ ਹਉਮੈ ਦੀ ਮੈਲ ਤੇ ਹੋਰ ਮਲੀਨਤਾ ਦੂਰ ਹੋ ਜਾਂਦੀ ਹੈ ਤੇ ਮਨੁੱਖ ਨਿਮਰ ਤੇ ਹਲੀਮ ਹੋ ਕੇ ਸੰਸਾਰ ਵਿਚ ਵਿਚਰਦਾ ਹੈ। ਜੇਕਰ ਉਹ ਇਸ ਗੁਣ ਦਾ ਧਾਰਨੀ ਹੋ ਜਾਵੇ ਤਾਂ ਆਪਣੀ ਨਿਮਰਤਾ ਕਾਰਨ ਉਹ ਵਾਹਿਗੁਰੂ ਦੀ ਸਮੂਹ ਮਖਲੂਕਾਤ ਦਾ ਪ੍ਰੇਮੀ ਤੇ ਸੰਗੀ ਸਾਥੀ ਬਣ ਜਾਂਦਾ ਹੈ। ਫਿਰ ਉਸ ਵਿਚ ਕਿਸੇ ਪ੍ਰਤੀ ਨਫ਼ਰਤ ਤੇ ਦੂਈ ਦੇ ਭਾਵ, ਲਾਲਚ, ਫਰੇਬ ਤੇ ਧੋਖਾ ਧੜੀ ਦੀ ਭਾਵਨਾ ਖ਼ਤਮ ਹੋ ਜਾਂਦੀ ਹੈ। ਨੇਕ ਗੁਜ਼ਰਾਨ ਤੇ ਸਭ ਦਾ ਭਲਾ ਮੰਗਣਾ ਅਤੇ ਕਰਨਾ ਉਸਦੀ ਜ਼ਿੰਦਗੀ ਦਾ ਪਵਿੱਤਰ ਲਕਸ਼ ਬਣ ਜਾਂਦਾ ਹੈ ਅਤੇ ਉਸਨੂੰ ਆਤਮਿਕ ਮੰਡਲ ਦੀਆਂ ਇਲਾਹੀ ਸੰਗੀਤ ਧੁਨੀਆਂ ਦਾ ਨਾਦ ਕੰਨਾਂ ਵਿਚ ਸੁਣਾਈ ਪੈਣ ਲਗਦਾ ਹੈ।

**'ਹਰਿ ਤੀਜੜੀ ਲਾਵ ਮਨਿ ਚਾਉ ਭਇਆ ਬੈਰਾਗੀਆ ਬਲਿ ਰਾਮ ਜੀਉ, ਸੰਤ ਜਨਾ ਹਰਿ ਮੇਲੁ ਹਰਿ ਪਾਇਆ ਵਡਭਾਗੀਆ ਬਲਿ ਰਾਮ ਜੀਉ'** ਵਾਲੀ ਤੀਜੀ ਲਾਂਵ ਦੇ ਸ਼ਬਦ ਵਿਚ ਸਤਿਗੁਰ ਜ਼ਿੰਦਗੀ ਦੇ ਤੀਜੇ ਪੜਾਅ ਵਿਚ ਵਿਚਰਨ ਦੀ ਜੁਗਤ ਦਸਦਿਆਂ ਬਖਸ਼ਸ਼ ਕਰਦੇ ਹਨ ਕਿ ਇਸ ਸਟੇਜ ਵਿਚ ਵਿਚਰਦਾ ਮਨੁੱਖ ਪ੍ਰਭੂ ਪ੍ਰੇਮ ਵਿਚ ਇਤਨਾ ਖੀਵਾ ਹੋ ਜਾਂਦਾ ਹੈ ਕਿ ਉਹ ਉਸਦੇ ਵਿਰਾਗ ਨੂੰ ਸਹਾਰ ਨਹੀਂ ਸਕਦਾ। ਉਸਦੇ ਜੀਵਨ ਵਿਚ ਬੇਲੋੜੀ ਦੁਨਿਆਵੀ ਮੋਹ ਮਾਇਆ ਤੋਂ ਉਪਰਾਮਤਾ ਉਪਜਦੀ ਹੈ। ਇਕ ਲਿਹਾਜ਼ ਨਾਲ ਇਹ ਅਦੁੱਤੀ ਪ੍ਰੇਮ ਦੀ ਅਵਸਥਾ ਹੈ ਅਤੇ ਇਸਤਰੀ ਪੁਰਸ਼ ਦੇ ਆਨੰਦਮਈ ਜੀਵਨ ਦੀ ਸਿਖਰ ਹੈ। ਇਸ ਹਾਲਤ ਵਿਚ ਮਨੁੱਖ ਨੂੰ ਪਰਮਾਤਮਾ ਦੀ ਸਿਫਤ ਤੇ ਸਲਾਹ ਕਰਨ ਤੋਂ ਬਗ਼ੈਰ ਹੋਰ ਕੁਝ ਸੁਝਦਾ ਹੀ ਨਹੀਂ। ਸਭ ਵਿਚ ਉਹ ਹੀ ਰਮਿਆ ਦਿਸਦਾ ਹੈ। ਦੁਨਿਆਵੀ ਜੋੜੇ ਲਈ ਵੀ ਇਹ ਲਾਂਵ ਮਹਾਨ ਪ੍ਰੇਮ ਦੀ ਅਸਵਥਾ ਦਾ ਸੰਦੇਸ਼ ਦੇਂਦੀ ਹੈ। ਏਕ ਜੋਤ ਦੋਏ ਮੂਰਤੀ ਦੀ ਗਲ ਮੂਰਤੀਮਾਨ ਹੋ ਜਾਂਦੀ ਹੈ, ਗੁਰੂ ਗੋਬਿੰਦ ਸਿੰਘ ਜੀ ਵੀ ਇਸ ਪਰਥਾਏ ਸਿੱਖ ਨੂੰ ਤਾਕੀਦ ਕਰਦੇ ਹਨ :

**ਨਿਜ ਨਾਰੀ ਕੇ ਸੰਗ ਪ੍ਰੇਮ ਤੁਮ ਨਿਤ ਬਢਿਯਓ॥**

**ਪਰ ਨਾਰੀ ਕੀ ਸੇਜ ਭੂਲ ਸੁਪਨੇ ਭੀ ਨ ਜਇਓ॥**

ਇਸ ਅਵਸਥਾ ਵਿਚ ਆਪਸੀ ਵਿਸ਼ਵਾਸ, ਪ੍ਰੇਮ ਤੇ ਅਦੁੱਤੀ ਸਨੇਹ ਦੀ ਭਾਵਨਾ ਸ਼ਕਤੀਸ਼ਾਲੀ ਰੂਪ ਵਿਚ ਵਿਕਸਤ ਹੁੰਦੀ ਹੈ ਜੋ ਗਰਿਸਤੀ ਜੀਵਨ ਵਿਚ ਆਨੰਦ ਪੈਦਾ ਕਰਦੀ ਹੈ ਤੇ ਵਿਆਹ ਨੂੰ ਆਨੰਦ ਕਾਰਜ ਦੀ ਸੰਗਿਆ ਬਖਸ਼ਦੀ ਹੈ। ਵਿਆਹ ਇਸ ਲਾਂਵ ਦੀ ਬਦੌਲਤ ਦੋ ਸਰੀਰਾਂ ਦਾ ਨਹੀਂ ਦੋ ਆਤਮਾਵਾਂ ਦਾ ਸੁਮੇਲ ਬਣ ਜਾਂਦਾ ਹੈ ਤੇ ਅਕਾਲਪੁਰਖ ਦੀ ਨਿਰੰਤਰ ਅਰਾਧਨਾ ਵਿੱਚ ਮਨ ਟਿਕਦਾ ਹੈ।

**ਗੁਰਮੁਖਿ ਪ੍ਰਗਾਸੁ ਭਇਆ ਸਾਤਿ ਆਈ**
**ਦੁਰਮਤਿ ਬੁਧਿ ਨਿਵਾਰੀ॥** *(ਅੰਕ-607)*

**'ਹਰਿ ਚਉਥੀੜੀ ਲਾਵ ਮਨਿ ਸਹਜੁ ਭਇਆ ਹਰਿ ਪਾਇਆ ਬਲਿ ਰਾਮ ਜੀਉ, ਗੁਰਮੁਖਿ ਮਿਲਿਆ ਸੁਭਾਇ ਹਰਿ ਮਨਿ ਤਨਿ ਮੀਠਾ ਲਾਇਆ ਬਲਿ ਰਾਮ ਜੀਉ'** ਸਚਖੰਡੀ ਜੀਵਨ ਦੀ ਪ੍ਰਾਪਤੀ ਦਾ ਅੰਤਮ ਪੜਾਅ ਹੈ ਜਿਸ ਵਿਚ ਪਰਵੇਸ਼ ਕਰਕੇ ਮਨ ਨੂੰ ਸਹਿਜਤਾ, ਸੁਹਜਤਾ ਤੇ ਟਿਕਾਓ ਮਿਲਦਾ ਹੈ, ਹਰ ਪਰਕਾਰ ਦੀਆਂ ਭਟਕਣਾਂ ਮੁਕ ਜਾਂਦੀਆਂ ਹਨ। ਮਨ ਤੇ ਤਨ ਦੋਨੋਂ ਨਿਹਾਲ ਨਿਹਾਲ ਹੋ ਜਾਂਦੇ ਹਨ। ਰੋਮ ਰੋਮ ਪ੍ਰਮਾਤਮਾ ਦੀ ਲਗਨ ਵਿਚ ਖਿੜ ਜਾਂਦਾ ਹੈ ਅਤੇ ਇਸ ਅਵਸਥਾ ਵਿਚ ਪਹੁੰਚ ਕੇ ਮਨੁੱਖ ਕਦੇ ਨਾ-ਨਾਸ਼ ਹੋਣ ਵਾਲੇ ਪ੍ਰਮਾਤਮਾ ਦਾ ਸਦੀਵੀ ਮਿਲਾਪ ਪ੍ਰਾਪਤ ਕਰ ਲੈਂਦਾ ਹੈ। ਫਿਰ ਉਸਦਾ ਇਹ ਜਨਮ ਅਤੇ ਅਗਲਾ ਦੋਨੋਂ ਸੁਹੇਲੇ ਹੋ ਜਾਂਦੇ ਹਨ। ਕਾਰਜ ਸੰਪੰਨ ਹੁੰਦਾ ਹੈ।

**ਮਹਾ ਅਨੰਦ ਭਏ ਸੁਖ ਪਾਇਆ ਸੰਤਨ ਕੈ ਪਰਸਾਦੇ॥**
**ਕਹੁ ਨਾਨਕ ਹਰਿ ਸਿਉ ਮਨੁ ਮਾਨਿਆ ਰੰਗਿ ਰਤੇ ਬਿਸਮਾਦੇ॥**
*(ਅੰਕ-614)*

ਇਵੇਂ ਆਨੰਦ ਕਾਰਜ ਸਮੇਂ ਇਹ ਚਾਰ ਇਲਾਹੀ ਲਾਵਾਂ ਮਨੁੱਖ ਨੂੰ ਗਰਿਸਤ ਆਸ਼ਰਮ ਵਿਚ ਪਰਵੇਸ਼ ਕਰਨ ਲਗਿਆਂ ਸੋਝੀ ਕਰਵਾਂਦੀਆਂ ਹਨ ਕਿ ਨਵੇਂ ਸਜੇ ਦੰਪਤੀ ਜੋੜੇ ਨੇ ਇਸ ਸੰਸਾਰ ਵਿਚ ਵਿਚਰਦਿਆਂ ਹੋਇਆਂ ਆਪਣਾ ਜੀਵਨ ਪੰਧ ਕਿਸ ਸਦਾਚਾਰਿਕ, ਸਮਾਜਿਕ ਅਤੇ ਅਧਿਆਤਮਿਕ ਸੂਝ ਬੂਝ ਨਾਲ ਪੁਗਾਣਾ ਹੈ ਤਾਕਿ ਮਾਣ ਸਨਮਾਨ ਦੇ ਧਾਰਨੀ ਹੋ ਕੇ ਵੀ ਉਹ ਨਿਮਰ ਤੇ ਸਦਭਾਵਨਾ ਯੁਕਤ ਜੀਵਨ ਸਫਲਤਾ ਸਹਿਤ ਸੰਪੰਨ ਕਰ ਸਕਣ। ਗੁਰਸਿੱਖੀ ਅਨੁਸਾਰ ਇਹੀ ਆਨੰਦ ਕਾਰਜੀ ਜੁਗਤ ਹੈ ਜੋ ਨਿਆਰੀ ਹੈ, ਪਿਆਰੀ ਹੈ ਤੇ ਬਹੁਤ ਹੀ ਸਤਿਕਾਰੀ ਹੈ।

**ਘਰਿ ਬਾਹਰਿ ਤੇਰਾ ਭਰਵਾਸਾ**
**ਤੂ ਜਨ ਕੈ ਹੈ ਸੰਗਿ॥** *(ਅੰਕ-677)*

# 8

## ਇਹ ਤਿੰਨ ਭਭੇ ਕਿਸ ਲਈ ਹਨ ?

ਜਦ ਵੀ ਸਿੱਖ ਸਮਾਜ ਵਿੱਚ ਆਨੰਦ ਕਾਰਜ ਦੀ ਰਸਮ ਅਦਾ ਕੀਤੀ ਜਾਂਦੀ ਹੈ ਤਾਂ ਕੋਈ ਨਾ ਕੋਈ ਪ੍ਰਚਾਰਕ ਜਾਂ ਵਕਤਾ ਇਸ ਅਵਸਰ ਤੇ ਸੁਭਾਗ ਜੋੜੀ ਨੂੰ ਕੁਝ ਸਿੱਖਿਆਵਾਂ ਦੇਂਦਾ ਹੈ ਕਿ ਉਸਨੇ ਗੁਰ ਆਸ਼ੇ ਅਨੁਸਾਰ ਚਲਦਿਆਂ ਹੋਇਆਂ ਸ਼ਾਦੀ ਸ਼ੁਦਾ ਜੀਵਨ ਨੂੰ ਕਿਵੇਂ ਢਾਲਣਾ ਹੈ, ਚਲਾਉਣਾ ਹੈ ਤੇ ਕਾਮਯਾਬ ਕਰਨਾ ਹੈ। ਸਾਰੇ ਪ੍ਰਵਚਨ ਵਿੱਚ ਇੱਕ ਗੱਲ ਇਕ ਸਾਖੀ ਦੇ ਰੂਪ ਵਿੱਚ ਜ਼ਰੂਰ ਸੁਣਾਈ ਜਾਂਦੀ ਹੈ ਤੇ ਉਸਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਹਵਾਲਾ ਬੀਬੀ ਭਾਨੀ ਜੀ ਦੇ ਆਨੰਦ ਕਾਰਜ ਦਾ ਦਿੱਤਾ ਜਾਂਦਾ ਹੈ ਕਿ ਗੁਰੂ ਅਮਰਦਾਸ ਜੀ ਨੇ ਉਨ੍ਹਾਂ ਦੇ ਆਨੰਦ-ਕਾਰਜ ਦੇ ਸਮੇਂ ਉਨ੍ਹਾਂ ਨੂੰ ਤਿੰਨ 'ਭਭਿਆਂ' ਦਾ ਦਾਜ ਦਿੱਤਾ ਸੀ ਜਿਨ੍ਹਾਂ ਦੀ ਸੰਖੇਪ ਮਹੱਤਤਾ ਤੇ ਵਿਆਖਿਆ ਇਸ ਪ੍ਰਕਾਰ ਹੈ।

ਪਹਿਲਾ 'ਭਭਾ' ਲੜਕੀ ਵਲੋਂ ਉਸ ਵਕਤ ਪ੍ਰਯੋਗ ਵਿੱਚ ਲਿਆਉਣਾ ਹੈ ਜਦ ਪਰਿਵਾਰ ਵਿੱਚ ਉਸਨੂੰ ਕੋਈ ਕੰਮ ਕਰਨ ਲਈ ਕਹੇ ਜਾਂ ਪਤੀ ਕੋਈ ਹਦਾਇਤ ਕਰੇ ਤਾਂ ਸੁਪਤਨੀ ਦਾ ਫਰਜ਼ ਬਣਦਾ ਹੈ ਕਿ ਉਹ ਖਿੜੇ ਮੱਥੇ ਕਹੇ 'ਭਲਾ ਜੀ', ਭਾਵ ਇਹ ਕਿ ਠੀਕ ਹੈ ਜੀ, ਤੁਹਾਡਾ ਹੁਕਮ ਸਿਰ ਮੱਥੇ ਤੇ, ਮੈਂ ਇਸ ਕਾਰਜ ਨੂੰ ਚਾਈਂ ਚਾਈਂ ਹੱਥ ਵਿੱਚ ਲੈਂਦੀ ਹਾਂ।

ਦੂਜਾ 'ਭਭਾ' ਉਸ ਸਮੇਂ ਵਰਤੋਂ ਵਿੱਚ ਲਿਆਉਣਾ ਹੈ ਜਦ ਕੰਮ ਕਰਦਿਆਂ ਕੋਈ ਭੁੱਲ, ਤਰੁੱਟੀ ਜਾਂ ਅਵੱਗਿਆ ਹੋ ਗਈ ਹੋਵੇ ਅਤੇ ਪਤੀ ਜਾਂ ਪਰਿਵਾਰ ਦਾ ਕੋਈ ਹੋਰ ਮੈਂਬਰ ਉਸ ਤੇ ਕਿੰਤੂ ਪ੍ਰੰਤੂ ਕਰੇ ਜਾਂ ਨਰਾਜ਼ਗੀ ਪ੍ਰਗਟਾਏ ਤਾਂ ਬੜੀ ਨਿਮਰਤਾ ਸਹਿਤ ਇਹ ਕਹਿਣਾ ਹੈ ਕਿ 'ਭੁਲੀ ਜੀ' ਭਾਵ ਉਸ ਕੋਲੋਂ ਗ਼ਲਤੀ ਹੋ ਗਈ ਹੈ ਜਿਸਦਾ ਉਸਨੂੰ ਖੇਦ ਹੈ ਇਸ ਲਈ ਉਸਨੂੰ ਕਿਰਪਾ ਕਰਕੇ ਮਾਫ਼ ਕਰ ਦਿੱਤਾ ਜਾਵੇ ਤੇ ਅੱਗੇ ਤੋਂ ਅਜਿਹੀ ਗ਼ਲਤੀ ਨਹੀਂ ਹੋਵੇਗੀ। ਅਜਿਹਾ ਕਰਨ ਨਾਲ ਘਰ ਦਾ ਮਾਹੌਲ ਠੀਕ ਰਹਿੰਦਾ ਹੈ ਤੇ ਸੁਖ ਸ਼ਾਂਤੀ ਬਣੀ ਰਹਿੰਦੀ ਹੈ।

ਤੀਜੇ 'ਭਭੇ' ਦਾ ਜ਼ਿਕਰ ਉਸ ਸਮੇਂ ਸਾਹਮਣੇ ਆਉਂਦਾ ਹੈ ਜਦ

ਪਰਿਵਾਰ ਵਿੱਚ ਕੋਈ ਦੁਖ ਸੁਖ ਵਾਪਰ ਜਾਵੇ ਤਾਂ ਉਸ ਸਥਿਤੀ ਵਿੱਚ ਵੀ ਆਪਣਾ ਮਾਨਸਿਕ ਤਵਾਜ਼ਨ ਨਹੀਂ ਖੋਹਣਾ ਤੇ ਰੱਬ ਦਾ ਸ਼ੁਕਰ ਮਨਾਉਂਦੇ ਹੋਏ ਇਹੀ ਕਹਿਣਾ ਹੈ 'ਭਾਣਾ ਜੀ', ਕਿਉਂਕਿ ਭਾਣਾ ਮੰਨਣ ਵਿੱਚ ਹੀ ਸਬਰ ਸੰਤੋਖ ਪ੍ਰਾਪਤ ਹੁੰਦਾ ਹੈ ਤੇ ਅਕਾਲਪੁਰਖ ਦੀ ਰਜ਼ਾ ਵਿੱਚ ਰਹੇ ਬਿਨਾਂ ਹੋਰ ਚਾਰਾ ਵੀ ਕੋਈ ਨਹੀਂ। ਇਸ ਨਾਲ ਦੁਖ ਘਟਦਾ ਹੈ ਤੇ ਮਨ ਨੂੰ ਧਰਵਾਸ ਪ੍ਰਾਪਤ ਹੁੰਦਾ ਹੈ।

ਪੁਰਖ ਪ੍ਰਧਾਨ ਸਮਾਜ ਵਿੱਚ ਇਹ ਤਿੰਨੇ ਸਿੱਖਿਆਵਾਂ ਲੜਕੀ ਨੂੰ ਹੀ ਦਿੱਤੀਆਂ ਜਾਂਦੀਆਂ ਹਨ ਤੇ ਉਸਨੂੰ ਬਾਰ ਬਾਰ ਕੰਠ ਕਰਵਾਈਆਂ ਜਾਂਦੀਆਂ ਹਨ। ਇਹ ਗੱਲਾਂ ਸੁਣਦਾ ਹੋਇਆ ਲਾੜਾ, ਆਪਣੇ ਆਪ ਨੂੰ ਬੜਾ ਪਵਿੱਤਰ ਤੇ ਗੁਣਵਾਨ ਜਹੀ ਭਾਵਨਾ ਦਾ ਮਾਲਕ ਸਮਝਣ ਲਗ ਪੈਂਦਾ ਹੈ ਅਤੇ ਉਹ ਇਹ ਵੀ ਸਮਝਣ ਲਗ ਜਾਂਦਾ ਹੈ ਕਿ ਵਿਆਹੁਤਾ ਜੀਵਨ ਵਿੱਚ ਜੋ ਗ਼ਲਤੀਆਂ ਹੋਣਗੀਆਂ ਉਹਨਾਂ ਦੀ ਜ਼ਿੰਮੇਵਾਰੀ ਉਸ ਦੀ ਸੁਪਤਨੀ ਦੀ ਹੀ ਹੋਵੇਗੀ ਤੇ ਭੁੱਲਾਂ ਵੀ ਉਸੇ ਨੂੰ ਬਖਸ਼ਾਉਣੀਆਂ ਪੈਣਗੀਆਂ। ਇਵੇਂ ਉਹ ਆਪਣੇ ਆਪ ਨੂੰ ਸਤੇਂ ਪਾਣੀਏ ਨਹਾਤਾ ਧੋਤਾ ਤੇ ਹਰ ਕਸੂਰ ਤੋਂ ਉੱਪਰ ਸਮਝਦਾ ਹੈ ਜਿਵੇਂ ਕਿ ਜ਼ਿੰਦਗੀ ਵਿੱਚ ਉਸ ਤੋਂ ਕਦੇ ਕੋਈ ਭੁੱਲ ਹੋ ਹੀ ਨਹੀਂ ਸਕਦੀ। ਇਨ੍ਹਾਂ ਉਕਤ ਸ਼ਬਦਾਂ ਦੀ ਰੌਸ਼ਨੀ ਵਿੱਚ ਉਹ ਇਹ ਵੀ ਆਸ ਰੱਖਣ ਲਗ ਪੈਂਦਾ ਹੈ ਕਿ ਉਹ ਕੋਈ ਵੀ ਅਵੱਗਿਆ ਕਰਕੇ ਆਵੇ, ਘਰ ਵਿੱਚ ਖਰੂਦ ਮਚਾਵੇ, ਸਾਰੀਆਂ ਸਦਾਚਾਰਿਕ ਕੀਮਤਾਂ ਕਦਰਾਂ ਨੂੰ ਤਹਿਸ ਨਹਿਰ ਕਰ ਦੇਵੇ ਫਿਰ ਵੀ ਉਸਦੀ ਘਰ ਵਾਲੀ ਇਹ ਹੀ ਕਹੇ ਕਿ 'ਭਲਾ ਜੀ' ਜੋ ਵੀ ਤੁਸੀਂ ਕੀਤਾ ਹੈ ਜਾਂ ਕਿਹਾ ਹੈ ਮੈਂ ਉਸ ਤੇ ਫੁੱਲ ਚੜ੍ਹਾਉਂਦੀ ਹਾਂ ਤੇ ਇਸਨੂੰ ਭਲਾ ਹੀ ਸਮਝਦੀ ਹਾਂ। ਇਸਦਾ ਅਰਥ ਤਾਂ ਇਹ ਹੀ ਹੋਇਆ ਕਿ ਲੜਕੀ ਨੂੰ ਆਪਣੇ ਪਤੀ ਦੇ ਸਾਹਮਣੇ ਕੋਈ ਦਲੀਲ ਦੇਣ, ਵਿਚਾਰ ਪ੍ਰਗਟਾਉਣ ਜਾਂ ਗਿਲਾ ਸ਼ਿਕਵਾ ਕਰਨ ਦੀ ਗੁੰਜਾਇਸ਼ ਹੀ ਨਹੀਂ ਰਹੀ, ਉਹ ਤਾਂ ਉਸਦੀ ਇੱਕ ਜੀ ਹਜ਼ੂਰੀਆ ਬਣ ਕੇ ਰਹਿ ਗਈ। ਫਿਰ ਸਮਾਨਤਾ ਦੀ ਗੱਲ ਦਾ ਕੀ ਬਣਿਆ? ਇਹ ਤਾਂ ਮਾਲਕ ਤੇ ਦਾਸ ਦਾ ਰਿਸ਼ਤਾ ਬਣ ਕੇ ਰਹਿ ਗਿਆ। ਸਿੱਖੀ ਇਸ ਨੂੰ ਕਿਵੇਂ ਪਰਵਾਨ ਕਰ ਸਕਦੀ ਹੈ?

ਪਰਚਾਰਕ ਲੋਕ ਇਹ ਗੱਲਾਂ ਕਰਨ ਲਗਿਆਂ ਇਹ ਕਿਉਂ ਭੁਲ ਜਾਂਦੇ ਹਨ ਕਿ ਗੁਰੂ ਸਾਹਿਬ ਨੇ **'ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ'** ਦੀ ਗੱਲ ਤੇ ਸਭ ਤੋਂ ਵੱਧ ਜ਼ੋਰ ਦਿੱਤਾ ਹੈ। ਜਦ ਦੋਨੋਂ ਮੀਆਂ ਬੀਵੀ

ਇਕ ਜੋਤ ਹਨ ਤਾਂ ਦੋਨੋਂ ਦੁਖ ਸੁਖ, ਮਾਣ, ਅਪਮਾਨ ਦੇ ਬਰਾਬਰ ਦੇ ਭਾਈਵਾਲ ਹਨ ਅਤੇ ਜਿਸ ਤੋਂ ਵੀ ਕੋਈ ਜ਼ਿਆਦਤੀ ਹੁੰਦੀ ਹੈ ਉਹ ਦੂਜੇ ਤੋਂ ਭੁਲ ਦੀ ਖਿਮਾ ਦੀ ਜਾਚਨਾ ਕਰਨ ਦਾ ਪਾਤਰ ਬਣਦਾ ਹੈ। ਇਸ ਬਰਾਬਰੀ ਦੀ ਸਥਿਤੀ ਵਿੱਚ ਹੀ ਗਰਿਸਤੀ ਜੀਵਨ ਦੀ ਗੱਡੀ ਬਿਨਾਂ ਝਟਕੇ ਤੇ ਅਟਕੇ ਆਪਣੀ ਮਸਤਾਨੀ ਚਾਲ ਨਾਲ ਅੱਗੇ ਤੁਰ ਸਕਦੀ ਹੈ। ਸਾਰਾ ਬੋਝ ਲੜਕੀ ਦੇ ਮੋਢਿਆਂ ਤੇ ਸੁੱਟਣ ਨਾਲ ਉਹ ਕਿਤਨੀ ਕੁ ਦੇਰ ਇਸ ਭਾਰ ਨੂੰ ਭਲਾ ਜੀ, ਭੁਲੀ ਜੀ, ਭਾਣਾ ਜੀ ਕਹਿ ਕੇ ਚੁਕਦੀ ਫਿਰੇਗੀ। ਇਹ ਇਸਤਰੀ ਜ਼ਾਤ ਨਾਲ ਸਰਾਸਰ ਜ਼ਿਆਦਤੀ ਹੈ ਜਿਸਨੂੰ ਪਰਵਾਨ ਕਰਨਾ ਸਮਾਜ ਨਾਲ ਵੀ ਅਨਿਆਂ ਕਰਨ ਦੇ ਸਮਾਨ ਹੈ ਤੇ ਗੁਰਸਿੱਖੀ ਦੀਆਂ ਮਾਣਜਨਕ ਮਰਿਆਦਾਵਾਂ ਨੂੰ ਕਲੰਕਤ ਕਰਨ ਦਾ ਵੀ ਕੋਝਾ ਪ੍ਰਯਤਨ ਹੈ। **ਸੋ ਇਹ ਤਿੰਨ ਭਭਿਆਂ ਦੀਆਂ ਸਿੱਖਿਆਵਾਂ ਕੇਵਲ ਲੜਕੀ ਲਈ ਨਹੀਂ, ਮੀਆਂ ਬੀਵੀ ਦੋਹਾਂ ਲਈ ਹਨ।**

ਅੱਜ ਕੱਲ੍ਹ ਲੜਕਾ ਤੇ ਲੜਕੀ ਦੋਵੇਂ ਘਰ ਗਰਿਸਤੀ ਨੂੰ ਚਲਾਉਣ ਲਈ ਨੌਕਰੀਆਂ ਕਰਦੇ ਹਨ। ਸ਼ਾਮ ਨੂੰ ਘਰ ਪਹੁੰਚ ਕੇ ਲੜਕਾ ਇਹ ਹੁਕਮ ਕਰੇ ਕਿ ਉਸਦੀ ਬੀਵੀ ਉਸ ਲਈ ਚਾਹ ਬਣਾ ਕੇ ਲਿਆਵੇ ਕਿਉਂਕਿ ਉਹ ਥਕਿਆ ਹੋਇਆ ਹੈ, ਰੋਟੀ ਦਾ ਕੰਮ ਵੀ ਉਹੀ ਕਰੇ, ਬੱਚਿਆਂ ਦੀ ਦੇਖ ਭਾਲ ਵੀ ਕਰੇ, ਕੱਪੜੇ ਭਾਂਡੇ ਵੀ ਧੋਏ, ਸੰਭਾਲੇ ਤੇ ਅਗਲੇ ਦਿਨ ਦੀ ਤਿਆਰੀ ਵੀ ਕਰਕੇ ਸੌਂਵੇਂ ਅਤੇ ਲੜਕਾ ਟੀ.ਵੀ. ਵੇਖ ਕੇ ਹੀ ਆਪਣਾ ਥਕੇਵਾਂ ਲਾਹੁੰਦਾ ਫਿਰੇ ਤਾਂ ਇਹ ਔਰਤ ਜ਼ਾਤ ਨਾਲ ਧੱਕਾ ਨਹੀਂ ਤਾਂ ਹੋਰ ਕੀ ਹੈ? ਅਜਿਹੀ ਵਿਵਸਥਾ ਬਹੁਤੀ ਦੇਰ ਨਹੀਂ ਚਲ ਸਕਦੀ। ਸਿੱਖ ਰਹੁ-ਰੀਤੀ ਅਨੁਸਾਰ ਦੋਹਾਂ ਮੀਆਂ ਬੀਵੀ ਵਿੱਚ ਬਰਾਬਰੀ ਦਾ ਅਹਿਸਾਸ ਪ੍ਰਬਲ ਰੂਪ ਵਿੱਚ ਜੀਵਤ ਰਹਿਣਾ ਚਾਹੀਦਾ ਹੈ ਜਿਸ ਤੋਂ ਸਵੈਮਾਣ ਵਧਦਾ ਹੈ ਤੇ ਘਰ ਦੀ ਸੁਖ ਸ਼ਾਂਤੀ ਵੀ। ਇਸ ਲਈ ਇਨ੍ਹਾਂ ਤਿੰਨਾਂ ਭਭਿਆਂ ਦੀ ਪਸਾਰ ਸੀਮਾ ਵਿੱਚ ਲੋੜੀਂਦੀ ਸੋਧ ਕਰਨੀ ਅਤੀ ਅਵੱਸ਼ਕ ਹੈ, ਇਸੇ ਵਿੱਚ ਪਰਿਵਾਰ ਦਾ ਵੀ ਭਲਾ ਹੈ ਤੇ ਸਰਬੱਤ ਦਾ ਭਲਾ ਵੀ ਪ੍ਰਤੱਖ ਰੂਪ ਵਿੱਚ ਦ੍ਰਿਸ਼ਟਮਾਨ ਹੈ। ਪੁਰਸ਼ ਵਰਗ ਆਪਣੀ ਮਾਨਸਿਕ ਸੋਚ ਨੂੰ ਉਕਤ ਅਨੁਸਾਰ ਜਿਤਨਾ ਜਲਦੀ ਬਦਲ ਲਵੇ ਉਸ ਲਈ ਉਤਨਾ ਹੀ ਚੰਗਾ ਰਹੇਗਾ।

**ਧਨ ਪਿਰ ਨੇਹੁ ਘਣਾ**
**ਰਸਿ ਪ੍ਰੀਤਿ ਦਇਆਲਾ ਰਾਮ॥** *(ਅੰਕ-453)*

# 9

## ਵਿਆਹ ਦੀ ਰਸਮ ਵਿਚ ਆਇਆ ਨਿਘਾਰ

ਗੁਰਸਿੱਖੀ ਅਨੁਸਾਰ ਆਨੰਦ ਕਾਰਜ ਵਿਚ ਸਹਿਜਤਾ, ਸੁਹਜਤਾ, ਸੁਚਮਤਾ, ਧਾਰਮਿਕਤਾ ਤੇ ਸਾਦਗੀ ਦਾ ਹੋਣਾ ਅਤੀ ਅਵੱਸ਼ਕ ਹੈ। ਇਹ ਆਨੰਦ ਕਾਰਜੀ ਵਿਆਹ ਮਰਿਆਦਾ ਦੇ ਵਿਸ਼ੇਸ਼ ਗੁਣ ਹਨ। ਇਸ ਆਨੰਦ ਕਾਰਜ ਪਰਣਾਲੀ ਵਿਚ ਦੋ ਆਤਮਾਵਾਂ ਦੇ ਸੁਮੇਲ ਦੀ ਗੱਲ ਨੂੰ ਵਧ ਤੋਂ ਵਧ ਪ੍ਰਮੁੱਖਤਾ ਦਿੱਤੀ ਗਈ ਹੈ ਪਰ ਹਾਲਾਤ ਕੁਝ ਇਸ ਤਰ੍ਹਾਂ ਬਦਲ ਗਏ ਹਨ ਕਿ ਦੇਖੋ ਦੇਖੀ ਤੇ ਰੀਸੋ ਰੀਸੀ ਗੁਰਸਿੱਖ ਪਰਿਵਾਰਾਂ ਦੇ ਵਿਆਹਾਂ ਸ਼ਾਦੀਆਂ ਵਿਚ ਵੀ ਕਈ ਪਰਕਾਰ ਦੇ ਵਿਕਾਰ ਤੇ ਬੇਲੋੜੇ ਰਸਮੋ-ਰਿਵਾਜ ਘਰ ਕਰ ਗਏ ਹਨ। ਅਮੀਰ ਘਰਾਂ ਵਿਚ ਤਾਂ ਸ਼ਰਾਬ, ਸ਼ਬਾਬ, ਕਬਾਬ ਤੋਂ ਬਿਨਾਂ ਹੁਣ ਤਾਂ ਵਿਆਹ ਦਾ ਕਿਆਸ ਹੀ ਨਹੀਂ ਕੀਤਾ ਜਾਂਦਾ। ਵਿਆਹ ਦੀ ਗਲ ਸ਼ੁਰੂ ਹੁੰਦਿਆਂ ਹੀ ਸਭ ਤੋਂ ਪਹਿਲੇ ਸਾਦਗੀ ਤੇ ਸਦਾਚਾਰਿਤਾ ਨੂੰ ਅਲਵਿਦਾ ਕੀਤਾ ਜਾਂਦਾ ਹੈ। ਲੜਕੇ ਤੇ ਲੜਕੀ ਵਾਲੇ ਦੋਨੋਂ ਹੀ ਫਜ਼ੂਲ ਖਰਚੀ ਕਰਨੀ ਸ਼ੁਰੂ ਕਰ ਦੇਂਦੇ ਹਨ। ਪਹਿਲੇ ਰੋਕੇ ਤੇ ਅੰਨ੍ਹਾ ਖਰਚਾ ਕੀਤਾ ਜਾਂਦਾ ਹੈ ਜਿਸਦਾ ਆਨੰਦ ਕਾਰਜੀ ਪਰਣਾਲੀ ਵਿੱਚ ਕੋਈ ਅਸਤਿਤਵ ਹੀ ਨਹੀਂ ਤੇ ਫਿਰ ਇਸ ਤੋਂ ਅੱਗੇ ਜਦ ਠਾਕੇ ਦੀ ਵਾਰੀ ਆਉਂਦੀ ਹੈ ਤਾਂ ਕਲਾਬੇ ਤੋੜੇ ਜਾਂਦੇ ਹਨ। ਖੁਸ਼ੀਆਂ ਵਧਾਉਣ ਲਈ ਜਾਂ ਜਸ਼ਨ ਮਨਾਉਣ ਲਈ ਰਿੰਗ ਸੈਰਾਮਨੀ ਜਾਂ ਚੁੰਨੀ ਚੜ੍ਹਾਉਣ ਦੀ ਰਸਮ ਕਚੂਮਰ ਕੱਢਣ ਜਿਤਨਾ ਖਰਚ ਕਰਵਾ ਦੇਂਦੀ ਹੈ। ਵਿਆਹ ਤੋਂ ਇਕ ਦਿਨ ਪਹਿਲੇ ਫਜ਼ੂਲ ਖਰਚੀਆਂ ਦੀ ਲੜੀ ਦੀ ਇਕ ਮਹੱਤਵਪੂਰਣ ਕੜੀ ਵਜੋਂ ਸ਼ਗਣ ਦੀ ਰਸਮ ਨੂੰ ਵੀ ਪੂਰਿਆਂ ਕੀਤਾ ਜਾਂਦਾ ਹੈ ਅਤੇ ਬੜੇ ਵੱਡੇ ਵੱਡੇ ਤੇ ਕੀਮਤੀ ਤੋਹਫ਼ੇ ਸ਼ੌਕੀਆ ਜਾਂ ਮਜਬੂਰਨ ਲੜਕੀ ਵਾਲਿਆਂ ਵਲੋਂ ਲੜਕੇ ਵਾਲਿਆਂ ਨੂੰ ਦਿੱਤੇ ਜਾਂਦੇ ਹਨ। ਇਹ ਵੀ ਫਰਮਾਇਸ਼ ਕੀਤੀ ਜਾਂਦੀ ਹੈ ਕਿ ਬਰਾਤ ਦੀ ਸੇਵਾ ਖ਼ੂਬ ਵਧੀਆ ਢੰਗ ਨਾਲ ਕੀਤੀ ਜਾਵੇ ਕਿਉਂਕਿ ਬਰਾਤੀਆਂ ਨੇ ਤਾਂ ਲੜਕੀ ਵਾਲਿਆਂ ਦੇ ਘਰ ਇਕੋ ਵਾਰੀ ਹੀ ਜਾਣਾ ਹੁੰਦਾ ਹੈ। ਇਸ ਇੱਕੋ ਫਿਕਰੇ ਨਾਲ ਵਿਆਹ ਤੇ ਹੋਣ ਵਾਲਿਆਂ ਬੇਤਹਾਸ਼ਾ ਖਰਚਿਆਂ ਦਾ ਰੰਗ ਰੂਪ ਹੋਰ ਬਦਲ ਜਾਂਦਾ ਹੈ ਅਤੇ ਲੜਕੀ ਦੇ ਮਾਪਿਆਂ ਦੀਆਂ ਮੁਸ਼ਕਲਾਂ ਕਾਫ਼ੀ ਵਧ ਜਾਂਦੀਆਂ ਹਨ।

ਬਰਾਤ ਲੈ ਜਾਣ ਦੀ ਵਾਰੀ ਆਉਂਦੀ ਤਾਂ ਸੈਂਕੜੇ ਬਰਾਤੀ ਢੋ ਢਵਾ ਕੇ ਕੁੜੀ ਦੇ ਬੂਹੇ ਅੱਗੇ ਪਹੁੰਚਾ ਦਿੱਤੇ ਜਾਂਦੇ ਹਨ ਜਿਥੇ ਅਗਲੇ 5,6 ਘੰਟੇ ਉਹ

ਖਾਂਦੇ ਰਜ ਕੇ ਹਨ, ਉਜਾੜਦੇ ਉਸ ਤੋਂ ਵਧ ਹਨ ਤੇ ਪੀਣ ਵਾਲੇ ਪਾਸੇ ਤਾਂ ਨਾ ਹਟਦੇ ਹਨ ਤੇ ਨਾ ਹੀ ਥਕਦੇ। ਬੇਹੋਸ਼ ਹੋ ਕੇ ਜਦ ਤਕ ਦੋ ਚਾਰ ਡਿਗ ਨਾ ਪੈਣ, ਬਰਾਤ ਦੀ ਸ਼ਰਾਬ ਖੁਣੋਂ ਸੇਵਾ ਪੂਰੀ ਨਹੀਂ ਸਮਝੀ ਜਾਂਦੀ। ਇੱਥੇ ਆ ਕੇ ਸਾਰੇ ਧਾਰਮਿਕ ਅਤੇ ਸਦਾਚਾਰਿਕ ਸਿਧਾਂਤ ਥੋੜ੍ਹੀ ਦੇਰ ਲਈ ਇਵੇਂ ਲਗਦਾ ਹੈ ਕਿ ਛਿੱਕੇ ਤੇ ਟੰਗ ਦਿੱਤੇ ਗਏ ਹਨ। ਬਹਾਨਾ ਸਾਹਮਣੇ ਇਹੀ ਹੁੰਦਾ ਹੈ ਲੜਕਾ ਕਿਹੜਾ ਰੋਜ਼ ਰੋਜ਼ ਵਿਆਹੁਣਾ ਹੈ।

ਇਸ ਸਾਰੇ ਅਰਸੇ ਵਿਚ ਅਧ-ਨੰਗੀਆਂ ਮੁਟਿਆਰਾਂ, ਰੋਟੀਆਂ ਕਾਰਨ ਪੂਰੇ ਤਾਲ ਦੀ ਮਜਬੂਰੀ ਹੇਠ ਆਰਟ ਦੇ ਨਾਂ ਦੀ ਬੁੱਕਲ ਵਿਚ ਆਪਣਾ ਨੰਗੇਜ, ਲਚਰ ਗਾਣਿਆਂ ਨਾਲ ਛਲਕਾ ਕੇ ਪੇਸ਼ ਕਰਦੀਆਂ ਰਹਿੰਦੀਆਂ ਹਨ ਤੇ ਮਤਵਾਲੇ ਸ਼ਰਾਬੀ ਨੌਜਵਾਨਾਂ ਦੀਆਂ ਜੇਬਾਂ ਵਿਚੋਂ ਵੇਲਾਂ ਦੇ ਰੂਪ ਵਿਚ ਵੱਡੇ ਵੱਡੇ ਨੋਟ ਕਢਵਾਂਦੀਆਂ ਰਹਿੰਦੀਆਂ ਹਨ। ਨਾ ਚਾਹੁੰਦਿਆਂ ਹੋਇਆਂ ਵੀ ਮੈਰਜ ਪੈਲਸ ਵਿਚ ਵਿਆਹ ਦੇ ਸਮਾਜਿਕ ਤੇ ਭਾਈਚਾਰਿਕ ਫਰਜ਼ ਪੂਰੇ ਕਰਨ ਗਿਆ ਕੋਈ ਨਾ ਕੋਈ ਸਾਕ ਸਬੰਧੀ ਇਸ ਸਭਿਆਚਾਰਿਕ ਹੱਲੇ ਦੀ ਮਾਰ ਹੇਠ ਰਹਿੰਦਾ ਹੋਇਆ ਆਪਣੇ ਆਪ ਨੂੰ ਕੋਸਦਾ ਹੋਇਆ ਇਸ ਵਿਗੜੇ ਹੋਏ ਨਵੇਂ ਸਮਾਜ ਦਾ ਦਰਸ਼ਕ ਬਣਿਆ ਰਹਿੰਦਾ ਹੈ। ਦਿਲ ਹੀ ਦਿਲ ਵਿਚ ਮਨ ਨੂੰ ਧਰਵਾਸ ਦੇਂਦਾ ਕਹਿੰਦਾ ਹੈ ਕਿ ਸਾਡੇ ਵੇਲਿਆਂ ਵਿਚ ਇਹ ਬੇਹਯਾਈ ਕਿਥੇ ਸੀ। ਧੀਆਂ ਭੈਣਾਂ ਵਿਚ ਸ਼ਰਮ, ਹਯਾ ਤੇ ਲਜ ਹੁੰਦੀ ਸੀ। ਉਹ ਬੋਲਦੀਆਂ ਸਨ ਤਾਂ ਸ਼ਰਾਫਤ ਭਰੇ ਸਲੀਕੇ ਨਾਲ, ਤੁਰਦੀਆਂ ਸਨ ਤਾਂ ਸੁਹਜਤਾ ਨੂੰ ਧਿਆਨ ਗੋਚਰੇ ਰਖ ਕੇ, ਪੋਸ਼ਾਕ ਪਾਉਂਦੀਆਂ ਸਨ ਤਾਂ ਲਜ ਸ਼ਰਮ ਦਾ ਪਾਸ ਉਨ੍ਹਾਂ ਵਿਚ ਸਭ ਤੋਂ ਵਧ ਹੁੰਦਾ ਸੀ। ਇਹੀ ਕੁਝ ਔਰਤ ਦਾ ਗਹਿਣਾ ਹਨ ਅਤੇ ਅਜ ਫੈਸ਼ਨ ਤੇ ਪੱਛਮ ਦੀ ਮਾਰ ਨੇ ਔਰਤ ਤੋਂ ਅਸੀਲਪੁਣਾ ਖੋਹ ਲਿਆ ਹੈ ਤੇ ਉਸਨੂੰ ਅਸ਼ਲੀਲਤਾ ਦੇ ਗਹਿਣੇ ਪਵਾ ਦਿੱਤੇ ਹਨ। ਰੱਬ ਖੈਰ ਕਰੇ ਮਨੁੱਖਤਾ ਆਪਣੇ ਇਖਲਾਕੀ ਪਤਣ ਵਲ ਵਧ ਰਹੀ ਹੈ ਅਤੇ ਗੁਰੂ ਦੇ ਸਿਖ ਆਪਣੀਆਂ ਉਚਤਮ ਤੇ ਸ਼ਾਨਦਾਰ ਧਾਰਮਿਕ ਰਵਾਇਤਾਂ ਦੇ ਧਾਰਨੀ ਹੋ ਕੇ ਵੀ ਵਿਆਹ ਦੀ ਪਵਿੱਤਰ ਸੰਸਥਾ ਦੀ ਪਵਿੱਤਰਤਾ ਬਚਾਉਣ ਵਿਚ ਵੀ ਅਵੇਸਲੇ ਤੇ ਨਿਰਬਲ ਹੋ ਗਏ ਜਾਪਦੇ ਹਨ।

ਦਾਜ, ਜਿਸ ਦਾ ਸਿੱਖ ਸਮਾਜ ਵਿਚ ਦੂਰ ਦਾ ਵੀ ਵਾਸਤਾ ਨਹੀਂ ਸੀ, ਅਜ ਮੰਗ ਕੇ ਤੇ ਪਹਿਲੇ ਤੈਅ ਕਰਕੇ ਲਿਆ ਦਿੱਤਾ ਜਾਣ ਲਗ ਪਿਆ ਹੈ। ਇਹ ਮੰਗ ਚਾਹੇ ਲੜਕੀ ਵਾਲਿਆਂ ਨੂੰ ਕਰਜ਼ਾ ਚੁੱਕ ਕੇ ਜਾਂ ਡਾਕਾ ਮਾਰ ਕੇ ਹੀ ਕਿਉਂ ਨਾ ਪੂਰੀ ਕਰਨੀ ਪਵੇ, ਧੀ ਦੇ ਸੁਖੀ ਵਸੇਬੇ ਲਈ ਪੂਰੀ ਕਰਨੀ

ਹੀ ਪੈਂਦੀ ਹੈ। ਇਸ ਰੀਤੀ ਦੇ ਵਧਣ ਫੁਲਣ ਨਾਲ ਧੀਆਂ ਦਾ ਮਾਣ ਕਿਥੋਂ ਵਧਣਾ ਹੈ ਸਗੋਂ ਮਾਪਿਆਂ ਦੇ ਧੁਰ ਅੰਦਰੇ ਮਨ ਵਿਚ ਇਕ ਕਸਕ ਪੈਦਾ ਹੁੰਦੀ ਹੈ ਕਿ 'ਧੀਆਂ ਕਿਉਂ ਜੰਮੀਆਂ ਵਿਚ ਸੰਸਾਰ।' ਸ਼ਾਇਦ ਇਕ ਇਹ ਵੀ ਵੱਡਾ ਕਾਰਨ ਹੈ ਕਿ ਮਾਪੇ, ਪੜ੍ਹੇ ਲਿਖੇ ਤੇ ਸੰਪੰਨ ਮਾਪੇ ਵੀ ਬੱਚਾ ਜੰਮਣ ਤੋਂ ਪਹਿਲੇ ਬਚੇ ਦੇ ਲਿੰਗ ਦਾ ਚੋਰੀ ਛੁਪੇ ਟੈਸਟ ਕਰਵਾ ਲੈਂਦੇ ਹਨ ਅਤੇ ਜੇਕਰ ਉਨ੍ਹਾਂ ਨੂੰ ਪਤਾ ਲਗ ਜਾਵੇ ਕਿ ਉਨ੍ਹਾਂ ਦੇ ਘਰ 'ਲਛਮੀ' ਨੇ ਜਨਮ ਲੈਣਾ ਹੈ ਤਾਂ ਉਹ ਥੋੜ੍ਹੀ ਬਹੁਤੀ ਲਛਮੀ ਕਿਸੇ ਕਲਿਨਿਕ ਵਾਲੇ ਬੇਹਯਾ ਲਾਲਚੀ ਕਾਤਲ ਡਾਕਟਰ ਨੂੰ ਦੇ ਕੇ ਉਸਨੂੰ ਸਦਾ ਲਈ ਅਲਵਿਦਾ ਕਹਿ ਦੇਂਦੇ ਹਨ ਭਾਵੇਂ ਕਿ ਅਜਿਹਾ ਕਰਨਾ ਕਾਨੂੰਨ ਜੁਰਮ ਹੈ। ਇਸ ਸਿਲਸਿਲੇ ਵਿਚ 2001 ਦੀ ਮਰਦਮਸ਼ੁਮਾਰੀ ਪੰਜਾਬ ਵਾਸੀਆਂ ਲਈ ਬੜੀ ਸ਼ਰਮ ਦਾ ਕਾਰਨ ਬਣਦੀ ਹੈ ਜਦ ਇਹ ਪਤਾ ਲਗਦਾ ਹੈ ਕਿ ਜੇਕਰ ਭਾਰਤ ਵਿਚ 1000 ਲੜਕਿਆਂ ਪਿਛੇ 983 ਲੜਕੀਆਂ ਹਨ ਤਾਂ ਪੰਜਾਬ ਵਿਚ ਇਹ 882 ਹਨ। ਲੁਧਿਆਣਾ ਸ਼ਹਿਰ ਜੋ ਆਪਣੇ ਆਪ ਨੂੰ ਹਿੰਦੁਸਤਾਨ ਦਾ ਇਕ ਬਹੁਤ ਅਮੀਰ ਸ਼ਹਿਰ ਅਖਵਾਉਂਦਾ ਹੈ ਉਸਦੀ ਹਾਲਤ ਇਸ ਪਖੋਂ ਹੋਰ ਨਿਘਰੀ ਹੋਈ ਹੈ। ਉਥੇ ਇਕ ਹਜ਼ਾਰ ਲੜਕਿਆਂ ਪਿਛੇ 828 ਲੜਕੀਆਂ ਹਨ। ਜ਼ਰਾ ਅੰਦਾਜ਼ਾ ਲਗਾਓ ਕਿ ਅਜ ਤੋਂ 10,15 ਸਾਲਾਂ ਮਗਰੋਂ ਪੰਜਾਬ ਦੇ ਸਮਾਜਿਕ ਤੇ ਸਦਾਚਾਰਿਕ ਢਾਂਚੇ ਵਿਚ ਲੜਕੀਆਂ ਦੀ ਇਤਨੀ ਭਾਰੀ ਕਮੀ ਕਾਰਨ ਕਿਸ ਕਿਸਮ ਦਾ ਭੂਚਾਲ ਆਵੇਗਾ। ਸਭ ਸੂਖਮ ਤੇ ਸੁੱਚੀਆਂ ਕੀਮਤਾਂ ਕਦਰਾਂ ਸਮਾਜਿਕ ਹੁੱਲੜਬਾਜ਼ੀ ਤੇ ਗੁੰਡਾ ਗਰਦੀ ਕਾਰਨ ਤਹਿਸ ਨਹਿਸ ਹੋ ਜਾਣਗੀਆਂ। ਇਸਦਾ ਪਰਕੋਪ ਅਜ ਵੀ ਛੋਟੀ ਉਮਰ ਦੀਆਂ ਬੱਚੀਆਂ ਨਾਲ ਲਿੰਗੀ ਜ਼ਬਰਦਸਤੀ ਤੇ ਬਲਾਤਕਾਰ ਦੇ ਵਧ ਰਹੇ ਕੇਸਾਂ ਤੋਂ ਪਰਤੀਤ ਹੋਣ ਲਗ ਪਿਆ ਹੈ। ਇਸ ਸਾਰੀ ਸਥਿਤੀ ਨੂੰ ਬੜੀ ਗੰਭੀਰਤਾ ਨਾਲ ਲੈਂਦਿਆਂ ਹੋਇਆਂ ਬੜੇ ਠੋਸ ਉਪਚਾਰ ਕਰਨੇ ਪੈਣਗੇ ਤਾਂ ਕਿ ਸਾਡੀਆਂ ਧੀਆਂ ਭੈਣਾਂ ਇਸ ਮਾਰੂ ਸਥਿਤੀ ਤੋਂ ਉਭਰ ਸਕਣ।

ਇਹ ਸੰਤੋਖ ਦੀ ਗੱਲ ਹੈ ਕਿ ਸਿੱਖ ਸਮਾਜ ਵਿਚ ਇਸ ਖਤਰਨਾਕ ਸਥਿਤੀ ਨੂੰ ਦੇਖਦਿਆਂ ਹੋਇਆਂ ਅਕਾਲ ਤਖਤ ਤੋਂ ਹੁਕਮਨਾਮਾ ਜਾਰੀ ਹੋ ਗਿਆ ਹੈ ਕਿ ਕੋਈ ਵੀ ਸਿੱਖ ਗਰਭ ਟੈਸਟ ਕਰਵਾ ਕੇ ਲੜਕੀ ਦੇ ਭਰੂਣ ਨੂੰ ਨਸ਼ਟ ਨਹੀਂ ਕਰ ਸਕਦਾ। ਅਜਿਹਾ ਕਰਨ ਵਾਲੇ ਨੂੰ ਖਾਲਸਾ ਪੰਥ ਵਿਚੋਂ ਛੇਕ ਦਿੱਤਾ ਜਾਵੇਗਾ ਅਤੇ ਸਾਰੀ ਕੌਮ ਉਸ ਨਾਲ ਆਪਣਾ ਹਰ ਪਰਕਾਰ ਦਾ ਰਿਸ਼ਤਾ ਨਾਤਾ ਤੋੜ ਲਵੇਗੀ। ਇਸ ਹੁਕਮਨਾਮੇ ਦਾ ਹਰ ਪਾਸੋਂ ਸਵਾਗਤ ਕੀਤਾ ਗਿਆ ਹੈ ਅਤੇ ਗ਼ੈਰਸਿੱਖ ਸੰਸਥਾਵਾਂ ਵੀ ਇਸ ਹੁਕਮਨਾਮੇ ਅਤੇ ਜਨ ਗਣਨਾ ਤੋਂ ਪੈਦਾ

ਹੋਈ ਸਥਿਤੀ ਦੀ ਰੌਸ਼ਨੀ ਵਿਚ ਇਸ ਸਿਲਸਿਲੇ ਵਿੱਚ ਕੁਝ ਠੋਸ ਪ੍ਰਯਤਨ ਕਰਕੇ ਸਥਿਤੀ ਵਿੱਚ ਉਸਾਰੂ ਸੁਧਾਰ ਲਿਆਉਣ ਲਈ ਸੋਚਣ ਲਗ ਪਈਆਂ ਹਨ। ਇਸ ਸਿਲਸਿਲੇ ਵਿੱਚ ਜੋ ਕੁਝ ਵੀ ਚੰਗਾ ਕੀਤਾ ਜਾ ਸਕਦਾ ਹੈ, ਉਹ ਤੁਰੰਤ ਕਰਨਾ ਚਾਹੀਦਾ ਹੈ ਕਿਉਂਕਿ ਪਾਣੀ ਤੇਜ਼ੀ ਨਾਲ ਸਿਰ ਤੋਂ ਟਪਦਾ ਜਾ ਰਿਹਾ ਹੈ।

ਧੀ ਦਾ ਘਰ ਵਿਚ ਹੋਣਾ ਹਰ ਪਰਕਾਰ ਦੀਆਂ ਖੁਸ਼ੀਆਂ ਦਾ ਲਖਾਇਕ ਹੈ। ਜੋ ਕੁਝ ਵੀ ਸੰਸਾਰ ਵਿਚ ਰੰਗੀਨ, ਸਵਾਦਲਾ, ਰੌਚਕ ਤੇ ਵਧੀਆ ਹੈ, ਉਸ ਪਿੱਛੇ ਔਰਤ ਜ਼ਾਤ ਦਾ ਸਭ ਤੋਂ ਵੱਡਾ ਰੋਲ ਹੈ। ਇਸ ਲਈ ਸਾਨੂੰ ਆਪਣੇ ਘਰਾਂ ਵਿਚ ਬੱਚੀਆਂ ਦਾ ਸਨਮਾਨ ਵਧਾਉਣਾ ਚਾਹੀਦਾ ਹੈ। ਉਹ ਪਿਆਰ ਦੀਆਂ ਪੁੰਜ ਹਨ ਅਤੇ ਲੜਕਿਆਂ ਨਾਲੋਂ ਕਿਤੇ ਵਧ ਬਜ਼ੁਰਗ ਮਾਪਿਆਂ ਦੀ ਦੇਖ ਭਾਲ ਤੇ ਸੰਭਾਲ ਕਰਦੀਆਂ ਹਨ। ਧੀਆਂ ਨੂੰ ਸੁਹਣੀ ਵਿੱਦਿਆ ਦੇਣ ਨਾਲ ਅਸੀਂ ਦਾਜ ਦੀ ਕੁਰੀਤੀ ਨੂੰ ਖ਼ਤਮ ਕਰ ਸਕਦੇ ਹਾਂ ਇਸ ਲਈ ਦਾਜ ਵਿਚ ਵਾਧਾ ਕਰਨ ਦੀ ਥਾਂ ਬੱਚੀਆਂ ਦੀ ਪੜ੍ਹਾਈ ਲਿਖਾਈ ਵਿਚ ਵਾਧਾ ਕੀਤਾ ਜਾਵੇ ਤਾਕਿ ਉਹ ਵੀ ਮੋਢੇ ਨਾਲ ਮੋਢਾ ਜੋੜ ਕੇ ਵਿਸ਼ਵ ਸਮਾਜ ਵਿਚ ਆਪਣੀ ਸੁਯੋਗਤਾ ਅਨੁਸਾਰ ਚੰਗੀ ਭੂਮਿਕਾ ਨਿਭਾਅ ਸਕਣ ਅਤੇ ਆਪਣੇ ਲਈ ਸਮਾਜ, ਸਰਕਾਰ ਤੇ ਘਰ ਬਾਹਰ ਵਿਖੇ ਸਨਮਾਨ ਜਨਕ ਸਥਾਨ ਪ੍ਰਾਪਤ ਕਰ ਸਕਣ। ਜਦ ਤਕ ਅਸੀਂ ਮਹਿਲਾ ਵਰਗ ਲਈ ਕੁਝ ਅਜਿਹਾ ਖੁਸ਼ਗਵਾਰ ਮਾਹੌਲ ਪੈਦਾ ਨਹੀਂ ਕਰਦੇ, ਵਿਆਹੀਆਂ ਕੁੜੀਆਂ ਸਟੋਵਾਂ ਦੀ ਅੱਗ ਨਾਲ ਸੜਦੀਆਂ ਰਹਿਣਗੀਆਂ ਤੇ ਵਿਆਹ ਜੋ ਸ਼ਾਦੀਆਂ ਦਮਾਮਿਆਂ ਦਾ ਦਰਜਾ ਰਖਦੇ ਹਨ, ਉਨ੍ਹਾਂ ਪਿਛੇ ਲੁਕਿਆ ਦਿਓ ਇਨ੍ਹਾਂ ਅਬਲਾਵਾਂ ਨੂੰ ਨੋਚਦਾ ਤੇ ਨਿਗਲਦਾ ਹੀ ਰਹੇਗਾ। ਇਸ ਲਈ ਹਰ ਗੁਰਸਿੱਖ ਪਰਿਵਾਰ ਦਾ ਫਰਜ਼ ਬਣਦਾ ਹੈ ਕਿ ਉਹ ਇਨ੍ਹਾਂ ਗੰਭੀਰ ਤਰੁੱਟੀਆਂ ਨੂੰ ਦੂਰ ਕਰਨ ਵਿਚ ਪੂਰੀ ਸੰਜੀਦਗੀ ਭਰਿਆ ਯੋਗਦਾਨ ਪਾਵੇ ਅਤੇ ਆਨੰਦ ਕਾਰਜ ਦੀ ਜੋ ਸਵੱਛ, ਪਵਿੱਤਰ ਤੇ ਸਿਹਤਮੰਦ ਪਰਣਾਲੀ ਸਤਿਗੁਰਾਂ ਦੀ ਮਿਹਰ ਸਦਕਾ ਸਾਨੂੰ ਵਰਦਾਨ ਰੂਪ ਵਿਚ ਪ੍ਰਾਪਤ ਹੋਈ ਹੈ ਉਸ ਤੇ ਪਹਿਰਾ ਦੇ ਕੇ ਮਾਨਵ ਸਮਾਜ ਨੂੰ ਨਵੀਂ ਸੇਧ ਦੇਵੇ ਤੇ ਵਿਆਹ ਦੀ ਰਸਮ ਨਾਲ ਜੋ ਬੇਲੋੜੀਆਂ, ਘਟੀਆ ਅਤੇ ਨਾਵਾਜਬ ਗੀਤਾਂ ਤੇ ਖਰਚੀਲੀਆਂ ਰਸਮਾਂ ਜੁੜ ਗਈਆਂ ਹਨ ਉਨ੍ਹਾਂ ਦਾ ਜੁਲੂ ਰਲ ਮਿਲ ਕੇ ਲਾਹ ਕੇ ਸੁੱਟ ਦਿੱਤਾ ਜਾਵੇ। ਇਸੇ ਨਾਲ ਹੀ ਗਰਿਸਤੀ ਜੀਵਨ ਦਾ ਸਦੀਵੀ ਸੁਖ ਸ਼ੁਰੂ ਹੁੰਦਾ ਹੈ। ਇਹ ਅਜਿਹਾ ਸੁਖ ਹੋਵੇਗਾ, ਜਿਸਦਾ ਅੰਤ ਕੋਈ ਨਹੀਂ।

**ਵਰ ਲੋੜੀਦਾ ਆਇਆ**
**ਵਜੀ ਵਾਧਾਈ॥**

*(ਅੰਕ-704)*

# 10

## ਵਿਆਹਾਂ ਵਿੱਚ ਬਿਊਟੀ ਪਾਰਲਰਾਂ ਦਾ ਨਵਾਂ ਦਖਲ

ਪੁਰਾਣੇ ਸਮਿਆਂ ਵਿੱਚ ਹੋਰ ਗੱਲਾਂ ਦੇ ਨਾਲ ਨਾਲ ਵਿਆਹ ਦੋ ਪਰਿਵਾਰਾਂ ਦਾ ਮੇਲ ਹੁੰਦੇ ਸੀ। ਵਿਆਹਾਂ ਵਿੱਚ ਸਭ ਨੂੰ ਬਹੁਤ ਹੀ ਚਾਅ ਤੇ ਮਲਾਰ ਚੜ੍ਹ ਜਾਂਦੇ ਸਨ। ਪਰ ਅੱਜ ਦੇ ਵਿਆਹ ਦੋ ਪਰਿਵਾਰਾਂ ਦੇ ਆਪਸੀ ਸੰਬੰਧਾਂ ਤੋਂ ਉੱਪਰ ਉਠ ਕੇ ਸਮਾਜਿਕ ਸਟੇਟਸ ਫੰਕਸ਼ਨਾਂ ਵਿੱਚ ਤਬਦੀਲ ਹੋ ਗਏ ਹਨ। ਦਿਨੋਂ ਦਿਨ ਵਿਆਹਾਂ ਵਿੱਚ ਫਜ਼ੂਲ ਦੇ ਅਡੰਬਰ ਤੇ ਖਰਚੇ ਇੰਨੇ ਵਧ ਰਹੇ ਹਨ ਕਿ ਗਰੀਬ ਆਦਮੀ ਤਾਂ ਧੀ ਦੇ ਜੰਮਦਿਆਂ ਹੀ ਘਬਰਾਣ ਲਗ ਜਾਂਦਾ ਹੈ। ਪਹਿਲਾਂ ਤਾਂ ਦਾਜ ਦੀ ਲਾਹਨਤ ਨੇ ਚਿਰਾਂ ਤੋਂ ਸਮਾਜ ਨੂੰ ਘੇਰਿਆ ਹੋਇਆ ਹੈ, ਹੁਣ ਇਸਦੇ ਨਾਲ ਕਈ ਹੋਰ ਭੈੜੇ ਰਿਵਾਜ ਵਿਆਹ ਦੀ ਪ੍ਰਣਾਲੀ ਨਾਲ ਆ ਜੁੜੇ ਹਨ ਜਿਨ੍ਹਾਂ ਵਿੱਚ ਮੈਰਿਜ ਪੈਲਸਾਂ ਦੇ ਭਾਰੀ ਕਰਾਏ ਅਤੇ ਉਨ੍ਹਾਂ ਨੂੰ ਲਾਈਟਾਂ ਤੇ ਫੁੱਲਾਂ ਨਾਲ ਸਜਾਉਣ ਦੇ ਖਰਚਿਆਂ ਦਾ ਬੇਹਿਸਾਬਾ ਬੋਝ ਵਿਆਹ ਸ਼ਾਦੀ ਲਈ ਇਕ ਜ਼ਰੂਰੀ ਕਾਰਵਾਈ ਬਣ ਗਿਆ ਹੈ। ਗੱਲ ਇਸ ਤੋਂ ਵੀ ਅੱਗੇ ਵਧ ਗਈ ਹੈ ਤੇ ਹੁਣ ਇਸ ਵਿੱਚ ਬਿਊਟੀ ਪਾਰਲਰ ਕਲਚਰ ਦੇ ਆ ਜਾਣ ਨਾਲ ਖਰਚਿਆਂ ਵਿੱਚ ਹੋਰ ਵੀ ਭਾਰੀ ਵਾਧਾ ਹੋ ਗਿਆ ਹੈ। ਇਹ ਬਿਊਟੀ ਪਾਰਲਰ ਪੱਛਮੀ ਸੰਸਾਰ ਦੀ ਦੇਣ ਹੈ ਜਿਸਦਾ ਜਨਮ ਦਾਤਾ, ਫੈਸ਼ਨਾਂ ਦਾ ਪੱਟਿਆ ਦੇਸ਼ ਫਰਾਂਸ ਹੈ। ਇਨ੍ਹਾਂ ਬਿਊਟੀ ਪਾਰਲਰਾਂ ਦੁਆਰਾ ਵਿਅਕਤੀ ਨੂੰ ਬੇਲੋੜਾ ਸਜਾਉਣ ਦੀ ਕਿਰਿਆ ਵਿੱਚ ਉਸਨੂੰ ਹਮੇਸ਼ਾ ਲਈ ਅਸਲੀ ਖ਼ੂਬਸੂਰਤੀ ਨੂੰ ਤਿਲਾਂਜ ਕੇ ਬਨਾਵਟੀ ਖ਼ੂਬਸੂਰਤੀ ਦਾ ਗ਼ੁਲਾਮ ਬਣਾ ਦਿੱਤਾ ਜਾਂਦਾ ਹੈ ਅਤੇ ਹਰ ਵਰਗ ਦੀਆਂ ਔਰਤਾਂ ਸੁਹਣੇ ਲੱਗਣ ਦੇ ਖਪਤ ਕਾਰਨ ਬਿਊਟੀ ਪਾਰਲਰਾਂ ਦੇ ਚੁੰਗਲ ਵਿੱਚ ਅਜਿਹੀਆਂ ਫਸਦੀਆਂ ਹਨ ਕਿ ਚਾਹੁੰਦੀਆਂ ਹੋਈਆਂ ਵੀ ਇਨ੍ਹਾਂ ਵਿੱਚੋਂ ਨਿਕਲ ਨਹੀਂ ਸਕਦੀਆਂ ਅਤੇ ਸਾਰੀ ਉਮਰ ਮੂੰਹ ਮੁਹਾਂਦਰਾ ਸੰਵਾਰਨ ਦੇ ਭਰਮ ਵਿੱਚ ਬੇਤਹਾਸ਼ਾ ਪੈਸਾ ਅਤੇ ਸਮਾਂ ਨਸ਼ਟ ਕਰਦੀਆਂ ਰਹਿੰਦੀਆਂ ਹਨ।

ਪੁਰਾਣੇ ਸਮਿਆਂ ਵਿੱਚ ਸਹੇਲੀਆਂ, ਦੁਲਹਨ ਨੂੰ ਆਪਣੇ ਹੱਥਾਂ ਨਾਲ ਤਿਆਰ ਕਰਦੀਆਂ ਸਨ। ਘਰ ਦੀਆਂ ਵੱਡੀਆਂ ਔਰਤਾਂ ਬੜੀਆਂ ਰੀਝਾਂ ਤੇ ਸ਼ਗਨਾਂ ਨਾਲ ਵੱਟਣਾ ਮਲਦੀਆਂ ਤੇ ਨਾਲ ਸ਼ਗਨਾਂ ਦੇ ਕਈ ਗੀਤ ਗਾਉਂਦੀਆਂ ਸਨ। ਸਹੇਲੀਆਂ ਮਹਿੰਦੀ ਲਾਉਂਦੀਆਂ ਤੇ ਕਈ ਕਲੋਲਾਂ ਨਾਲ ਦੁਲਹਨ ਨੂੰ ਛੇੜਦੀਆਂ ਸਨ। ਇਸ ਸਭ ਕੁਝ ਦੀ ਥਾਂ ਵੀ ਹੁਣ ਬਿਊਟੀ ਪਾਰਲਰ ਨੇ ਲੈ

ਲਈ ਹੈ। ਵਿਆਹ ਤੋਂ ਤਿੰਨ-ਚਾਰ ਦਿਨ ਪਹਿਲਾਂ ਤੋਂ ਹੀ ਹਾਰ-ਸ਼ਿੰਗਾਰ ਦੀ ਅਣਥੱਕ ਮਿਹਨਤ ਸ਼ੁਰੂ ਹੋ ਜਾਂਦੀ ਹੈ। ਬਿਊਟੀ ਪਾਰਲਰਾਂ ਵਾਲੀਆਂ ਦੁਲਹਨ ਨੂੰ ਸਜਾਉਣ ਤੇ ਸਵਾਰਣ ਲਈ ਆਪਣੀ ਸਾਰੀ ਵਾਹ ਲਾ ਦਿੰਦੀਆਂ ਹਨ। ਪਹਿਲੇ ਦਿਨ ਬਲੀਚ, ਚਿਹਰੇ ਦੀ ਮਸਾਜ, ਵਾਲਾਂ ਨੂੰ ਸ਼ੈਂਪੂ, ਹੱਥਾਂ ਪੈਰਾਂ ਦੀ ਪੂਰੀ ਤਰ੍ਹਾਂ ਸਫਾਈ ਕੀਤੀ ਜਾਂਦੀ ਹੈ ਜਿਸਨੂੰ ਇਨ੍ਹਾਂ ਦੀ ਜ਼ਬਾਨ ਵਿੱਚ ਮੈਨੀਕਿਊਰ ਅਤੇ ਪੈਡੀਕਿਊਰ ਕਹਿੰਦੇ ਹਨ। ਦੂਜੇ ਦਿਨ ਪੂਰਾ ਸਮਾਂ ਮਹਿੰਦੀ ਲਗਾਉਣ ਵਿੱਚ ਹੀ ਲਗ ਜਾਂਦਾ ਹੈ। 6-7 ਘੰਟੇ ਮਹਿੰਦੀ ਲਗਾਉਣ ਨੂੰ ਤੇ 6-7 ਘੰਟੇ ਉਸਨੂੰ ਸੁਕਾਉਣ ਤੇ ਪਕਾਉਣ ਨੂੰ ਲਗਦੇ ਹਨ ਤਾਂ ਜੋ ਮਹਿੰਦੀ ਦਾ ਪੂਰਾ ਰੰਗ ਚੜ੍ਹ ਜਾਵੇ। ਇਸ ਤੋਂ ਮਗਰੋਂ ਵਿਆਹ ਵਾਲੇ ਦਿਨ ਤੜਕੇ ਹੀ ਬਿਊਟੀ ਪਾਰਲਰਾਂ ਵਾਲੀਆਂ, ਲਾੜੀ ਨੂੰ ਆਪਣੇ ਕੋਲ ਬੁਲਾ ਲੈਂਦੀਆਂ ਹਨ। ਸਵੇਰੇ ਜਲਦੀ-ਜਲਦੀ ਚੂੜਾ ਚੜ੍ਹਾਉਣ ਦੀ ਰਸਮ ਤੋਂ ਬਾਅਦ ਲੜਕੀ ਪਾਰਲਰ ਤੇ ਤਿਆਰ ਹੋਣ ਲਈ ਚਲੀ ਜਾਂਦੀ ਹੈ। ਹੋਰ ਆਉਂਦੇ ਸਮਿਆਂ ਵਿੱਚ ਹੋ ਸਕਦਾ ਹੈ ਕਿ ਪਾਰਲਰ ਵਾਲੀਆਂ ਹੀ ਚੂੜਾ ਵੀ ਆਪ ਚੜ੍ਹਾ ਦਿਆ ਕਰਨਗੀਆਂ ਅਤੇ ਮਾਮਿਆਂ ਨਾਨਕਿਆਂ ਨੂੰ ਸੁਰਖਰੂ ਕਰ ਦੇਣਗੀਆਂ।

ਕਈ ਕ੍ਰੀਮਾਂ ਪਾਊਡਰ ਤੇ ਹੋਰ ਕਈ ਸਾਜ਼ੋ ਸਮਾਨ ਨਾਲ ਕਈ ਤਰ੍ਹਾਂ ਦੇ ਫੈਸ਼ਨ ਕਰਕੇ, ਕਈ ਤਰੀਕੇ ਵਰਤ ਕੇ ਜਦੋਂ ਦੁਲਹਨ ਨੂੰ ਤਿਅਰ ਕੀਤਾ ਜਾ ਰਿਹਾ ਹੁੰਦਾ ਹੈ ਤਾਂ ਇਸ ਤਰ੍ਹਾਂ ਜਾਪਦਾ ਹੈ ਜਿਵੇਂ ਕੋਈ ਵੀਰ ਯੋਧਾ ਕਿਸੇ ਜੰਗ ਲੜਣ ਲਈ ਹਥਿਆਰਾਂ ਨਾਲ ਆਪਣੇ ਆਪ ਨੂੰ ਲੈਸ ਕਰ ਰਿਹਾ ਹੋਵੇ। ਇਸ ਬਨਾਵਟੀ ਸਜਾਵਟ ਕਾਰਨ ਅੱਜ ਕੱਲ੍ਹ ਦੀ ਦੁਲਹਨ, ਦੁਲਹਨ ਨਾ ਲਗ ਕੇ ਕਿਸੇ ਫਿਲਮ ਦੀ ਹੀਰੋਈਨ ਜ਼ਿਆਦਾ ਲਗਦੀ ਹੈ ਤੇ ਹਰ ਕਿਸੇ ਕੁੜੀ ਦੇ ਮਨ ਵਿਚ ਇਸ ਚਾਅ ਨੂੰ ਘਰ ਕਰਾ ਦਿੱਤਾ ਜਾਂਦਾ ਹੈ ਕਿ ਉਹ ਆਪਣੇ ਵਿਆਹ ਤੇ ਇੰਨਾ ਸੋਹਣਾ ਤਿਆਰ ਹੋਏ ਕਿ ਸਭ ਦੇਖਦੇ ਹੀ ਰਹਿ ਜਾਣ ਤੇ ਕਹਿਣ ਕਿ ਅੱਜ ਤਕ ਇਹੋ ਜਿਹੀ ਸੋਹਣੀ ਦੁਲਹਨ ਨਹੀਂ ਦੇਖੀ। ਇਸੇ ਖਾਹਿਸ਼ ਨੂੰ ਪੂਰਾ ਕਰਨ ਲਈ ਕੁੜੀਆਂ ਹਜ਼ਾਰਾਂ ਰੁਪਏ ਬਿਊਟੀ ਪਾਰਲਰਾਂ ਤੇ ਖਰਚ ਕਰਕੇ ਆਉਂਦੀਆਂ ਹਨ। ਹੁਣ ਤਾਂ ਲੜਕੀ ਹੀ ਨਹੀਂ ਸਗੋਂ ਉਸਦੀ ਮਾਂ ਭੈਣਾਂ, ਭਰਜਾਈਆਂ ਆਦਿ ਵੀ ਬਿਊਟੀ ਪਾਰਲਰ ਤੋਂ ਤਿਆਰ ਹੋਏ ਬਿਨਾਂ ਵਿਆਹ ਵਿੱਚ ਸ਼ਾਮਲ ਹੋਣ ਲਈ ਨਹੀਂ ਆਉਂਦੀਆਂ ਅਤੇ ਜੇ ਆ ਵੀ ਜਾਣ ਤਾਂ ਆਪਣੇ ਆਪ ਨੂੰ ਕੁਝ ਹੀਣਾ ਜਿਹਾ ਸਮਝਣ ਲਗ ਪੈਂਦੀਆਂ ਹਨ। ਜੇ ਕੁੜੀ ਦੀ ਮਾਂ ਬਿਊਟੀ ਪਾਰਲਰ ਤੋਂ ਤਿਆਰ ਹੋ ਕੇ ਆਉਂਦੀ ਹੈ ਤਾਂ ਮੁੰਡੇ ਦੀ ਮਾਂ ਪਿੱਛੇ ਕਿਉਂ ਰਹੇ। ਜਾਂਞੀ ਤੇ ਮਾਂਞੀ ਦੋਨੋਂ ਪਾਸੇ ਔਰਤਾਂ ਆਪਣੇ ਆਪ ਨੂੰ ਸ਼ਿੰਗਾਰਣ ਅਤੇ ਇਕ ਦੂਜੇ ਤੋਂ ਵਧ ਸੁੰਦਰ ਲਗਣ ਲਈ ਆਪਣਾ ਪੂਰਾ ਜ਼ੋਰ ਲਾ ਦਿੰਦੀਆਂ ਹਨ। ਹਰ ਕੋਈ ਚਾਹੁੰਦੀ ਹੈ ਕਿ ਉਸ ਤੋਂ ਵਧ ਸੁੰਦਰ ਕੋਈ ਹੋਰ

ਨਜ਼ਰ ਨਾ ਆਵੇ। ਆਮ ਦੇਖਣ ਵਾਲੇ ਨੂੰ ਇਵੇਂ ਭਾਸਦਾ ਹੈ ਕਿ ਵਿਆਹਾਂ ਵਿੱਚ ਸ਼ਾਮਲ ਹੋਣ ਵਾਲੀਆਂ ਔਰਤਾਂ ਵਿਆਹ ਵਿੱਚ ਨਹੀਂ ਸਗੋਂ ਕਿਸੇ ਸੁੰਦਰਤਾ ਮੁਕਾਬਲੇ ਵਿੱਚ ਸ਼ਾਮਲ ਹੋਣ ਲਈ ਆਈਆਂ ਹੋਣ। ਬਿਊਟੀ ਪਾਰਲਰਾਂ ਵਾਲੀਆਂ ਜਾਣਦੀਆਂ ਹਨ ਕਿ ਸੁੰਦਰਤਾ ਔਰਤ ਦਾ ਇਕ ਕੁਦਰਤੀ ਗਹਿਣਾ ਹੈ ਅਤੇ ਇਸ ਤੇ ਹਾਰ-ਸ਼ਿੰਗਾਰ ਤਾਂ ਜੁਗਾਂ ਜੁਗਾਂ ਤੋਂ ਔਰਤ ਦੀ ਕਮਜ਼ੋਰੀ ਰਹੇ ਹਨ। ਇਸਦਾ ਉਹ ਪੂਰਾ ਪੂਰਾ ਫਾਇਦਾ ਉਠਾਉਂਦੀਆਂ ਹਨ।

ਇਹ ਵੀ ਅਕਸਰ ਦੇਖਣ ਵਿੱਚ ਆਉਂਦਾ ਹੈ ਕਿ ਬਰਾਤ ਘਰੋਂ ਤੁਰਨ ਲਈ ਤਿਆਰ ਖੜੀ ਹੁੰਦੀ ਹੈ ਪਰ ਘਰ ਦੀਆਂ ਔਰਤਾਂ ਬਿਊਟੀ ਪਾਰਲਰਾਂ ਤੋਂ ਤਿਆਰ ਹੋ ਕੇ ਹੀ ਨਹੀਂ ਪਰਤਦੀਆਂ। ਦੂਜੇ ਪਾਸੇ ਬਰਾਤ ਬੂਹੇ ਤੇ ਖੜੀ ਹੁੰਦੀ ਹੈ ਤੇ ਜੀ ਆਇਆਂ ਕਹਿਣ ਲਈ ਕਈ ਵਾਰੀ ਘਰ ਦੀਆਂ ਜ਼ਿਮੇਵਾਰ ਔਰਤਾਂ ਕਿਧਰੇ ਨਜ਼ਰ ਨਹੀਂ ਆਉਂਦੀਆਂ। ਉਨ੍ਹਾਂ ਨੂੰ ਬਿਊਟੀ ਪਾਰਲਰਾਂ ਤੋਂ ਛੁੱਟੀ ਮਿਲੇ ਤਾਂ ਕਿਤੇ ਬਰਾਤ ਨੂੰ ਢੁਕਣ ਦਾ ਸਿਗਨਲ ਮਿਲੇ। ਹੁਣੇ ਹੀ ਦਿੱਲੀ ਵਿੱਚ ਆਈ ਬਰਾਤ ਨੂੰ ਗੁਰਦਵਾਰਾ ਸਾਹਿਬ ਵਿੱਚ 2 ਘੰਟੇ ਇਸ ਲਈ ਬੈਠਣਾ ਪਿਆ ਕਿਉਂਕਿ ਲੜਕੀ ਬਿਊਟੀ ਪਾਰਲਰ ਤੋਂ ਤਿਆਰ ਹੋ ਕੇ ਲਾਵਾਂ ਲਈ ਵਕਤ ਸਿਰ ਨਹੀਂ ਪਹੁੰਚ ਸਕੀ ਕਿਉਂਕਿ ਉੱਥੇ ਉਸਦਾ ਇਸ ਤਿਆਰੀ ਲਈ ਨੰਬਰ ਕਾਫੀ ਪਿੱਛੇ ਸੀ। ਲੱਗਦਾ ਹੈ ਮਨੁੱਖ ਨੇ ਆਪਣੇ ਪੈਸੇ ਦੀ ਕੁਵਰਤੋਂ ਕਰਕੇ ਕਈ ਚੰਗੀਆਂ ਭਲੀਆਂ ਕੀਮਤਾਂ ਕਦਰਾਂ ਨੂੰ ਪਰੇਸ਼ਾਨ ਤੇ ਜ਼ਲੀਲ ਕਰਕੇ ਰੱਖ ਦਿੱਤਾ ਹੈ।

ਹੁਣ ਬਿਊਟੀ ਪਾਰਲਰ ਦਾ ਪ੍ਰਚਲਨ ਇਤਨਾ ਵਧ ਗਿਆ ਹੈ ਕਿ ਉਥੋਂ ਤਿਆਰ ਹੋਏ ਬਿਨਾ ਕਿਸੇ ਕੁੜੀ ਦਾ ਵਿਆਹ ਹੋਣਾ ਤਾਂ ਅਸੰਭਵ ਜਿਹਾ ਹੀ ਲਗਦਾ ਹੈ। ਉਹ ਇਸ ਨਵੀਂ ਆਦਤ ਨੂੰ ਵਿਆਹ ਕੇ ਆਪਣੇ ਨਾਲ ਲੈ ਜਾਂਦੀ ਹੈ ਤੇ ਸਾਰੀ ਜ਼ਿੰਦਗੀ 10,15 ਦਿਨਾਂ ਮਗਰੋਂ ਆਪਣੀ ਛਿਲ ਲਵਾਣ ਲਈ ਬਿਊਟੀ ਪਾਰਲਰ ਜ਼ਰੂਰ ਜਾਂਦੀ ਹੈ। ਇਸ ਸਾਰੀ ਗੱਲ ਦਾ ਨਿਚੋੜ ਇਹੀ ਨਿਕਲਦਾ ਹੈ ਕਿ ਬਿਅੰਤ ਰੁਪਏ ਅਤੇ ਸਮੇਂ ਨੂੰ ਬਰਬਾਦ ਕਰਨ ਦੇ ਨਾਲ ਨਾਲ ਫਿਲਮਾਂ ਦੀ ਹੀਰੋਈਨ ਦੀ ਰੀਸ ਕਰਦਿਆਂ ਸੁੰਦਰ ਮੁਟਿਆਰਾਂ ਨੇ ਆਪਣੀ ਕੁਦਰਤੀ ਸੁੰਦਰਤਾ ਨੂੰ ਬਿਊਟੀ ਪਾਰਲਰਾਂ ਵਿੱਚ ਗਹਿਣੇ ਰੱਖ ਕੇ ਮਾਂਗਵੀਂ ਤੇ ਡੰਗ ਟਪਾਊ ਸੁੰਦਰਤਾ ਵਿਆਜ ਲਈ ਹੈ ਜਿਹੜੀ ਉਨ੍ਹਾਂ ਨੂੰ ਨਾ ਖੁੱਲ ਕੇ ਹੱਸਣ ਦਿੰਦੀ ਹੈ, ਨਾ ਬੋਲਣ ਦਿੰਦੀ ਹੈ ਅਤੇ ਨਾ ਹੀ ਅੱਖਾਂ ਨੂੰ ਸੇਜਲ ਹੋਣ ਦਿੰਦੀ ਹੈ। ਇਹ ਹੈ ਬਿਊਟੀ ਪਾਰਲਰ ਦੀ ਕਰਾਮਾਤ ਜੋ ਹਿੰਮਤ ਕਰਕੇ ਵਿਆਹ ਦੇ ਸਮਾਗਮ ਦੇ ਪੱਜ ਨਾਲ ਘਰਾਂ ਵਿੱਚ ਪਰਵੇਸ਼ ਕਰਦੀ ਹੈ ਤੇ ਫਿਰ ਨਿਕਲਣ ਦਾ ਨਾਂ ਨਹੀਂ ਲੈਂਦੀ। ਪਰ ਇਤਨਾ ਖਿਆਲ ਜ਼ਰੂਰ ਰੱਖਣਾ ਚਾਹੀਦਾ ਹੈ ਕਿ *'ਖ਼ੁਸ਼ਬੂ ਆ ਨਹੀਂ ਸਕਤੀ ਕਭੀ ਕਾਗਜ਼ ਕੇ ਫੂਲੋਂ ਸੇ।'*

# 11

## ਗੁਰੂ ਨਾਨਕ ਦੇਵ ਜੀ ਤੇ ਨਾਰੀ ਉਥਾਨ

ਗੁਰੂ ਨਾਨਕ ਦੇਵ ਜੀ ਅਨੁਸਾਰ ਇਕ ਵਾਹਿਗੁਰੂ ਹੀ ਹੈ ਜੋ ਔਰਤ ਦੀ ਕੁਖੋਂ ਨਹੀਂ ਜਨਮਿਆ ਵਰਨਾ ਇਸ ਸੰਸਾਰ ਦੀ ਬਾਕੀ ਸਾਰੀ ਚਹਿਲ ਪਹਿਲ ਤੇ ਸਜ ਧਜ ਵਿਚ ਔਰਤ ਦੇ ਤਿਆਗ, ਕੁਰਬਾਨੀ ਅਤੇ ਬਹੁਪ੍ਰਕਾਰੀ ਅਦੁੱਤੀ ਯੋਗਦਾਨ ਕਿਸੇ ਵੀ ਕਥਨ ਤੋਂ ਬਾਹਰੀ ਗੱਲਾਂ ਹਨ। ਪਰ ਕੀ ਇਹ ਅਫਸੋਸ ਦੀ ਗੱਲ ਨਹੀਂ ਕਿ ਸੰਸਾਰ ਦੇ ਸੂਰਮਿਆਂ, ਰਿਸ਼ੀਆਂ, ਮੁਨੀਆਂ, ਭਗਤ ਜਨਾਂ ਦੀ ਜਨਨੀ ਇਹ ਨਾਰੀ, ਮੁਢ ਕਦੀਮਾਂ ਤੋਂ ਅਤਿਅੰਤ ਬੇਰਹਿਮੀ ਨਾਲ ਮਨੁੱਖੀ ਸ਼ੋਸ਼ਣ ਦਾ ਸ਼ਿਕਾਰ ਹੁੰਦੀ ਚਲੀ ਆ ਰਹੀ ਹੈ। ਪੁਰਖੀ ਸੀਨਾਜ਼ੋਰੀ ਕਾਰਨ ਸਮਾਜ ਵਿਚ, ਘਰ ਵਿਚ, ਧਰਮ ਕਰਮ ਦੀਆਂ ਸਰਗਰਮੀਆਂ ਵਿਚ ਔਰਤ ਨੂੰ ਸਦੀਆਂ ਤੋਂ ਦਿੱਤਾ ਜਾ ਰਿਹਾ ਘਟੀਆ ਦਰਜਾ ਤੇ ਮਾੜਾ ਸਲੂਕ ਅਵੱਸ਼ ਹੀ ਉਸ ਦੇ ਹੀਣਤਾ ਭਾਵ ਨੂੰ ਹੋਰ ਬਦਨੁਮਾ ਸ਼ਕਲ ਪ੍ਰਦਾਨ ਕਰਨ ਵਿਚ ਸਹਾਈ ਸਿੱਧ ਹੋਇਆ ਹੈ। ਇਸ ਦੀ ਦੁਰਦਸ਼ਾ ਭਰੀ ਤੇ ਮੰਦਹਾਲੀ ਵਾਲੀ ਹਾਲਤ ਦਾ ਵਿਸ਼ਲੇਸ਼ਣ ਕਰਦਿਆਂ ਅਤੇ ਸ਼ਾਦੀ ਦੀ ਪ੍ਰਥਾ ਬਾਰੇ ਆਪਣੇ ਵਿਚਾਰ ਵਿਅਕਤ ਕਰਨ ਲੱਗਿਆਂ ਇਕ ਅੰਗਰੇਜ਼ ਲੇਖਕ ਨੂੰ ਵਿਸ਼ਵ ਭਰ ਦੇ ਪੁਰਾਣੇ ਸਭਿਆਚਾਰ ਵਿਚ ਨਾਰੀ ਨਾਲ ਹੋਈ ਸਿਤਮ-ਜ਼ਰੀਫੀ ਵੇਖ ਕੇ ਮਜਬੂਰਨ ਲਿਖਣਾ ਪਿਆ ਕਿ ਔਰਤ, ਮਰਦ ਲਈ ਇਕ 'ਪਾਲਤੂ ਜਾਵਨਰ' ਤੋਂ ਵੱਧ ਹੈਸੀਅਤ ਨਹੀਂ ਰੱਖਦੀ। ਇਥੇ ਹੀ ਬੱਸ ਨਹੀਂ ਵੱਡੇ ਖੇਦ ਦੀ ਗੱਲ ਇਹ ਵੀ ਹੈ ਕਿ ਵਿਸ਼ਵ ਦੇ ਕਈ ਪ੍ਰਸਿੱਧ ਧਰਮਾਂ ਨੇ ਵੀ ਇਸ ਨਾਲ ਇਨਸਾਫ ਨਹੀਂ ਕੀਤਾ ਸਗੋਂ ਬੜੇ ਹੀ ਇਤਰਾਜ਼ਜਨਕ ਸ਼ਬਦਾਂ ਨਾਲ ਇਸ ਪਿਆਰ, ਸਤਿਕਾਰ, ਤਿਆਗ ਤੇ ਮਮਤਾ ਦੀ ਮੂਰਤੀ ਨੂੰ ਨਿੰਦਿਆ, ਭੰਡਿਆ, ਦੁਰਕਾਰਿਆ ਤੇ ਜ਼ਲੀਲ ਕੀਤਾ ਹੈ। ਪ੍ਰਸਿੱਧ ਲੇਖਕ ਲੇਕੀ, 'ਹਿਸਟਰੀ ਆਫ ਯੋਰਪੀਅਨ ਮਾਰਲਜ਼' ਵਿਚ ਲਿਖਦਾ ਹੈ ਕਿ ਔਰਤ ਨਰਕ ਦਾ ਪ੍ਰਵੇਸ਼ ਦੁਆਰ ਹੈ, ਇਹ ਸਾਰੀਆਂ ਮਨੁੱਖੀ ਬੁਰਾਈਆਂ ਦੀ ਜਨਨੀ ਹੈ। ਇਸ ਨੂੰ ਇਸ ਗੱਲ ਤੇ ਸ਼ਰਮ ਆਉਣੀ ਚਾਹੀਦੀ ਹੈ ਕਿ ਇਸ ਦੀ ਬਦੌਲਤ ਵਿਸ਼ਵ ਵਿਚ ਫਿਟਕਾਰਾਂ, ਲਾਹਨਤਾਂ ਤੇ ਸਰਾਪ ਪ੍ਰਵੇਸ਼ ਕਰ ਗਏ ਹਨ। ਇਸ ਸਭ ਕੁਝ ਲਈ ਇਸ ਨੂੰ ਹਮੇਸ਼ਾ ਪਸ਼ਚਾਤਾਪ ਕਰਨਾ ਹੀ ਸ਼ੋਭਦਾ ਹੈ। ਕਿਤਨੇ

ਸ਼ਰਮ ਦੀ ਗੱਲ ਹੈ ਕਿ ਅਜਿਹੀ ਬੇਹੂਦਾ ਸੋਚ ਰੱਖਣ ਵਾਲੇ ਲੇਖਕ ਨੂੰ ਵੀ 'ਪ੍ਰਸਿੱਧ' ਲੇਖਕ ਕਿਹਾ ਜਾਂਦਾ ਹੈ ਜਿਸ ਦੀ ਲੇਖਣੀ ਇਤਨੀ ਕਲੰਕਤ ਹੈ ਤੇ ਜਿਹੜਾ ਅਜਿਹੀ ਨਿਰਮੂਲ ਲੇਖਣੀ ਨਾਲ ਆਪਣੀ ਮਾਂ, ਭੈਣ ਤੇ ਬੇਟੀ ਨੂੰ ਅਪਮਾਨਤ ਕਰਕੇ ਵੀ ਪ੍ਰਸਿਧੀ ਪਾਉਣ ਵਿਚ ਆਪਣਾ ਮਾਣ ਸਮਝਦਾ ਹੈ।

ਸਦੀਆਂ ਤੋਂ ਚਲੇ ਆ ਰਹੇ ਅਜਿਹੇ ਅਨਿਆਂ ਪੂਰਵਕ ਜ਼ਾਲਮਾਨਾ ਤੇ ਹੁਕਮਰਾਨਾ ਵਿਚਾਰਾਂ ਦੀ ਮੌਜੂਦਗੀ ਵਿਚ ਜਿਨ੍ਹਾਂ ਨੂੰ ਵੱਖ ਵੱਖ ਧਰਮਾਂ ਦੇ ਪਤਵੰਤਿਆਂ ਨੇ ਆਪਣੀਆਂ ਮੁਹਰਾਂ ਲਗਾ ਕੇ ਹੋਰ ਸੰਗੀਨ ਬਣਾ ਦਿੱਤਾ ਹੈ, ਔਰਤ ਦੇ ਮਾਣ ਸਨਮਾਨ ਦੀ ਗੱਲ ਕਰਨਾ ਕੀ ਕੋਈ ਸੌਖੀ ਤੇ ਸਹਿਲ ਗੱਲ ਸਮਝੀ ਜਾ ਸਕਦੀ ਹੈ? ਕਦੇ ਵੀ ਨਹੀਂ, ਸਗੋਂ ਇਹ ਤਾਂ ਬਹੁਤ ਵੱਡੀ ਇਨਕਲਾਬੀ ਮੁਹਿੰਮ ਹੀ ਹੋ ਸਕਦੀ ਹੈ ਜਿਸ ਨੂੰ ਅਸਾਨੀ ਨਾਲ ਸਥਾਪਤ ਰਹੁ-ਰੀਤੀ ਵਿਰੁੱਧ ਵਿਦਰੋਹ ਕਿਹਾ ਜਾ ਸਕਦਾ ਹੈ। ਗੁਰੂ ਨਾਨਕ ਸਾਹਿਬ ਨੇ ਬੜੀ ਦਲੇਰੀ ਨਾਲ ਨਾਰੀ ਦੇ ਹੱਕ ਵਿਚ ਆਵਾਜ਼ ਬੁਲੰਦ ਕਰਕੇ ਮਨੁੱਖ ਦੀਆਂ ਅੱਖਾਂ ਖੋਲ੍ਹ ਦਿੱਤੀਆਂ ਤੇ ਉਸ ਦੀ ਸੁੱਤੀ ਹੋਈ ਜ਼ਮੀਰ ਨੂੰ ਝੰਜੋੜਿਆ ਤੇ ਜਗਾਇਆ। ਗੁਰੂ ਗ੍ਰੰਥ ਸਾਹਿਬ ਦੇ ਅੰਕ 473 ਤੇ ਗੁਰੂ ਨਾਨਕ ਦੇਵ ਜੀ ਦਾ ਮਹਿਲਾ ਵਰਗ ਦੇ ਸਨਮਾਨ ਵਿਚ ਲਿਖਿਆ ਸ਼ਬਦ ਆਪਣਾ ਸਾਨੀ ਨਹੀਂ ਰੱਖਦਾ ਜਿਸ ਵਿਚ ਗੁਰੂ ਸਾਹਿਬ ਬੜੀ ਦਲੇਰੀ ਨਾਲ ਫਰਮਾਉਂਦੇ ਹਨ ਕਿ ਔਰਤ ਤੋਂ ਬਿਨਾਂ ਇਸ ਸੰਸਾਰ ਦਾ ਇਕ ਪਲ ਨਹੀਂ ਚਲ ਸਕਦਾ, ਸਭ ਸੰਸਾਰਕ ਖੇਡ ਇਸ ਦੀ ਕ੍ਰਿਪਾ ਨਾਲ ਅੱਗੇ ਤੁਰ ਰਹੀ ਹੈ। ਜੇ ਇਕ ਔਰਤ ਮਰ ਜਾਂਦੀ ਹੈ ਤਾਂ ਪੁਰਸ਼ ਆਪਣੇ ਜੀਵਨ ਦੀ ਗੱਡੀ ਨੂੰ ਰੁਕਿਆ ਵੇਖ ਕੇ ਹੋਰ ਪਰਨਾ ਕੇ ਲੈ ਆਉਂਦਾ ਹੈ। ਔਰਤ ਮਨੁੱਖ ਦੀ ਬੇਲਾਗ ਸਾਥਣ ਹੈ। ਇਸ ਨੂੰ ਮੰਦਾ ਕਹਿਣਾ ਸ਼ੋਭਦਾ ਨਹੀਂ ਕਿਉਂਕਿ ਇਹ ਰਾਜੇ, ਸੂਰਮੇ ਤੇ ਮਹਾਨ ਪੁਰਸ਼ਾਂ ਦੀ ਜਨਮ ਦਾਤੀ ਹੈ, ਸਿਰਜਣਹਾਰ ਹੈ ਇਸ ਲਈ ਸਤਿਕਾਰਣਯੋਗ ਹੈ।

ਨਾਰੀ ਪ੍ਰਤੀ ਉਕਤ ਲਾਸਾਨੀ ਫਰਮਾਣ ਨੂੰ ਅਮਲੀ ਰੂਪ ਵਿੱਚ ਵਾਚਣ ਹਿੱਤ ਸਿੱਖ ਇਤਿਹਾਸ ਤੇ ਸਰਸਰੀ ਝਾਤ ਮਾਰਨ ਤੋਂ ਇਹ ਗਵਾਹੀ ਅਵੱਸ਼ ਮਿਲੇਗੀ ਕੀ ਸਿੱਖ ਸੰਸਾਰ ਵਿਚ ਬੀਬੀਆਂ ਦੇ ਆਦਰ ਮਾਣ ਅਤੇ ਬਰਾਬਰੀ ਵਾਲੇ ਸਥਾਨ ਦੀ ਬਦੌਲਤ ਸਿੱਖ ਬੀਬੀਆਂ ਨੇ ਹਮੇਸ਼ਾ ਪੁਰਸ਼ ਵਰਗ ਦਾ ਦੁੱਖ ਸੁੱਖ ਵਿਚ ਮੋਢੇ ਨਾਲ ਮੋਢਾ ਡਾਹ ਕੇ ਸਾਥ ਦਿੱਤਾ ਹੈ। ਬੇਬੇ ਨਾਨਕੀ ਦਾ ਭਰਾਤਰੀ ਪਿਆਰ, ਮਾਤਾ ਖੀਵੀ ਦੀ ਲੰਗਰ ਦੁਆਰਾ ਜਨ

ਸਮੂਹ ਦੀ ਬੇਲਾਗ ਸੇਵਾ, ਬੀਬੀ ਭਾਨੀ ਤੇ ਮਾਤਾ ਗੁਜਰੀ ਦੀ ਇਨਸਾਨੀਅਤ ਪ੍ਰਤੀ ਲਾਸਾਨੀ ਕੁਰਬਾਨੀ, ਮਾਤਾ ਸੁੰਦਰੀ, ਮਾਈ ਭਾਗੋ ਦੀ ਵਿਦਵਤਾ ਤੇ ਮਰਦਾਨਗੀ ਦੀ ਦਾਸਤਾਨ ਉਤੇ ਵਿਸ਼ਵ ਦਾ ਮਹਿਲਾ ਇਤਿਹਾਸ ਜਿਤਨਾ ਗੌਰਵ ਕਰੇ ਥੋੜ੍ਹਾ ਹੈ। ਔਰਤ ਦਾ ਇਹ ਨਵਾਂ ਸਤਿਕਾਰਜਨਕ ਅਸਥਾਨ ਗੁਰੂ ਨਾਨਕ ਦੇਵ ਜੀ ਅਤੇ ਹੋਰ ਗੁਰੂ ਸਾਹਿਬਾਨ ਦੇ ਔਰਤ ਜ਼ਾਤ ਪ੍ਰਤੀ ਪ੍ਰਗਟਾਏ ਸਨਮਾਨਜਨਕ ਸ਼ਬਦਾਂ ਦੀ ਕ੍ਰਿਪਾ ਸਦਕਾ ਹੀ ਉੱਭਰ ਕੇ ਸਾਹਮਣੇ ਆ ਸਕਿਆ ਹੈ ਜਦਕਿ ਭਾਰਤ ਦੇ ਹੋਰ ਖਿੱਤਿਆਂ ਵਿਚ ਇਸ ਨੂੰ ਪੈਰ ਦੀ ਜੁੱਤੀ, ਡਾਂਟਣ ਦੀ ਅਧਿਕਾਰੀ, ਬੱਚੇ ਪੈਦਾ ਕਰਨ ਦੀ ਮਸ਼ੀਨ ਹੀ ਸਮਝਿਆ ਜਾਂਦਾ ਰਿਹਾ ਹੈ ਅਤੇ ਇਸ ਪ੍ਰਤੀ ਲਗਪਗ ਬਹੁਤ ਹੱਦ ਤੱਕ ਅਜਿਹੀ ਭਾਵਨਾ ਅੱਜ ਵੀ ਪ੍ਰਚਲਤ ਹੈ।

ਕਈ ਔਰਤ ਦੁਸ਼ਮਣ ਨੇਤਾਵਾਂ ਨੇ ਤਾਂ ਇਥੇ ਤੱਕ ਵੀ ਕਹਿਣ ਵਿਚ ਕਸਰ ਨਹੀਂ ਛੱਡੀ ਕਿ ਜੇ ਮਨੁੱਖ ਦੀਆਂ ਸੈਂਕੜੇ ਜ਼ਬਾਨਾਂ ਵੀ ਹੋ ਜਾਣ ਤਾਂ ਵੀ ਉਹ ਔਰਤ ਦੀਆਂ ਪੂਰੀਆਂ ਬੁਰਾਈਆਂ ਦਾ ਵਰਨਣ ਨਹੀਂ ਕਰ ਸਕਦਾ। ਪਤਾ ਨਹੀਂ ਔਰਤ ਨੇ ਮਨੁੱਖ ਜ਼ਾਤ ਨੂੰ ਕੀ ਅਜਿਹੀ ਹਾਨੀ ਪਹੁੰਚਾਈ ਹੈ ਕਿ ਉਸ ਪ੍ਰਤੀ ਨਫਰਤ ਭਰੇ ਫਿਕਰੇ ਕੱਸਣ ਵਿਚ ਕਿਸੇ ਨੇ ਕਸਰ ਨਹੀਂ ਛੱਡੀ। ਉਂਜ ਅਸੀਂ ਦੂਜੇ ਪਾਸੇ ਦੱਖਣੀ ਅਫਰੀਕਾ ਵਿਚ ਨਸਲੀ ਵਿਤਕਰੇ ਨੂੰ ਅਸਹਿ ਸਮਝਦੇ ਹੋਏ ਉਸ ਨੂੰ ਖਤਮ ਕਰਨ ਲਈ ਤਰਲੋ ਮੱਛੀ ਹੋਏ ਫਿਰਦੇ ਰਹੇ ਹਾਂ ਪਰ ਆਪਣੇ ਘਰ ਵਿਚ ਔਰਤ ਨੂੰ ਤੜਫਾਉਣ ਵਿਚ ਆਨੰਦ ਮਹਿਸੂਸ ਕਰਦੇ ਚਲੇ ਆ ਰਹੇ ਹਾਂ? ਮਨੁੱਖ, ਔਰਤ ਨੂੰ ਵਿਆਹੇ, ਛੱਡ ਦੇਵੇ, ਇਕ ਔਰਤ ਦੇ ਹੁੰਦਿਆਂ ਸੁੰਦਿਆਂ ਹੋਰ ਰੱਖ ਲਵੇ, ਉਸ ਨੂੰ ਪੂਰੇ ਪੂਰੇ ਹੱਕ ਹਨ ਪਰ ਇਸ ਦੇ ਉਲਟ ਜੇ ਕਿਸੇ ਇਸਤਰੀ ਦਾ ਪਤੀ ਮਰ ਜਾਵੇ ਤਾਂ ਉਸ ਔਰਤ ਨੂੰ ਉਸ ਮਰੇ ਹੋਏ ਪਤੀ ਨਾਲ ਜਿਊਂਦੇ ਜੀ ਸਤੀ ਹੋਣਾ ਜ਼ਰੂਰੀ ਸਮਝਿਆ ਜਾਂਦਾ ਰਿਹਾ ਹੈ। ਸ਼ਾਇਦ ਇਸੇ ਕਾਰਨ ਹੀ ਭਾਰਤੀ ਨਾਰੀ ਆਪਣੇ ਪਤੀ ਪਰਮੇਸ਼ਵਰ ਦੀ ਲੰਬੀ ਉਮਰ ਲਈ ਹਰ ਵਕਤ ਅਰਦਾਸਾਂ ਕਰਦੀ ਰਹਿੰਦੀ ਰਹੀ ਹੈ, ਵਰਤ ਰੱਖਦੀ ਰਹੀ ਹੈ, ਪਾਠ ਪੂਜਾ ਤੇ ਅਰਜੋਈਆਂ ਵਿਚ ਜੁਟੀ ਰਹਿੰਦੀ ਰਹੀ ਹੈ ਕਿਉਂਕਿ ਉਸ ਵਿਚਾਰੀ ਦੇ ਆਪਣੇ ਸਵਾਸ ਵੀ ਸਤੀ ਦੀ ਪ੍ਰਥਾ ਕਾਰਨ ਉਸ ਦੇ ਪਤੀ ਦੇ ਸਵਾਸਾਂ ਨਾਲ ਬੱਝ ਗਏ ਸਨ। ਗੁਰੂ ਨਾਨਕ ਸਾਹਿਬ ਵੱਲੋਂ ਔਰਤ ਦੇ ਹੱਕ ਵਿਚ ਬੁਲੰਦ ਕੀਤੀ ਆਵਾਜ਼ ਨੂੰ ਅੱਗੇ ਤੋਰਦਿਆਂ ਹੋਇਆਂ ਗੁਰੂ ਅਮਰਦਾਸ ਜੀ ਨੇ ਔਰਤ ਵਿਰੁੱਧ ਜ਼ੁਲਮ ਅਤੇ ਸਤੀ ਦੇ ਇਸ ਘਿਰਣਾਜਨਕ ਰਿਵਾਜ ਵਿਰੁੱਧ ਪੂਰੇ ਜ਼ੋਰ ਨਾਲ ਆਵਾਜ਼

ਉਠਾਈ। ਸਤੀ ਦੀ ਰਸਮ ਨੂੰ ਨਿੰਦਿਆ, ਔਰਤ ਦੇ ਪੁਨਰ ਸਥਾਪਨ ਲਈ ਵਿਧਵਾ ਦੀ ਦੂਜੀ ਸ਼ਾਦੀ ਨੂੰ ਸਵੀਕਾਰਿਆ ਅਤੇ ਸਾਰੇ ਗੁਰੂ ਸਾਹਿਬਾਨ ਨੇ ਉਹ ਸਾਰੇ ਤਰੱਦਦ ਕਰਨ ਦੇ ਡਟ ਕੇ ਉਪਰਾਲੇ ਕੀਤੇ ਜੋ ਨਾਰੀ ਦਾ ਸਮਾਜ ਵਿਚ ਸਨਮਾਨ ਬਹਾਲ ਕਰਨ ਵਿਚ ਸਹਾਈ ਸਿੱਧ ਹੋ ਸਕਦੇ ਸਨ। ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਔਰਤ ਦੀ ਸ਼ਾਨ ਨੂੰ ਮੁੱਖ ਰੱਖਦਿਆਂ ਇਥੋਂ ਤੱਕ ਹਦਾਇਤ ਕੀਤੀ ਕਿ ਆਪਣੀ ਇਸਤਰੀ ਤੋਂ ਬਿਨਾਂ ਕਿਸੇ ਹੋਰ ਦੀ ਸੇਜ ਮਾਨਣ ਦਾ ਵਿਚਾਰ ਸੁਪਨੇ ਵਿਚ ਲਿਆਉਣਾ ਵੀ ਇਤਰਾਜ਼ ਜਨਕ ਹੈ। ਗੁਰੂ ਦੇ ਸਿੱਖ ਨੇ ਆਪਣੀ ਪਤਨੀ ਨੂੰ ਪਿਆਰ ਕਰਨਾ ਹੈ ਤੇ ਹੋਰ ਇਸਤਰੀਆਂ ਨੂੰ ਪੂਰਾ ਪੂਰਾ ਮਾਣ ਸਤਿਕਾਰ ਦੇਂਦਿਆਂ ਹੋਇਆਂ ਉਨ੍ਹਾਂ ਨੂੰ ਮਾਵਾਂ ਭੈਣਾਂ ਤੇ ਧੀਆਂ ਜਾਣਨਾ ਹੈ ਤੇ ਹਰ ਲਿਹਾਜ਼ ਨਾਲ ਉਨ੍ਹਾਂ ਦੀ ਇੱਜ਼ਤ ਦੀ ਰਾਖੀ ਕਰਨੀ ਹੈ। ਭਾਰਤੀ ਇਤਿਹਾਸ, ਸਿੱਖਾਂ ਵਲੋਂ ਇਸ ਹਦਾਇਤ ਦੀ ਭਰਪੂਰ ਪਾਲਣਾ ਦੀ ਸਾਖੀ ਭਰਦਾ ਹੈ।

ਅੱਜ ਮੱਥਾ ਡੰਮਣ ਲਈ ਵਿਸ਼ਵ ਮਹਿਲਾ ਦਿਵਸ, ਵਿਸ਼ਵ ਬਾਲੜੀ ਵਰਸ਼ ਤਾਂ ਮਨਾਏ ਜਾ ਰਹੇ ਹਨ ਪਰ ਜਦ ਤੱਕ ਵਿਸ਼ਵ ਭਰ ਦੇ ਧਾਰਮਿਕ ਉਤਸ਼ਾਹੀਆਂ, ਸਮਾਜਿਕ ਰਹਿਬਰਾਂ ਵੱਲੋਂ ਔਰਤ ਜ਼ਾਤ ਪ੍ਰਤੀ ਕਹੇ ਗਏ ਘਿਰਨਾਮਈ ਤੇ ਕੜਵੇ ਬੋਲਾਂ ਨੂੰ ਪੂਰੇ ਜ਼ੋਰ ਤੇ ਜ਼ਮੀਰ ਨਾਲ ਖੰਡਤ ਕਰਕੇ ਮਹਿਲਾ ਵਰਗ ਨੂੰ ਇਸ ਤੁਹਮਤ ਭਰੇ ਮਾੜੇ ਇਤਿਹਾਸ ਤੋਂ ਮੁਕਤ ਕਰਕੇ ਇਸ ਨੂੰ ਸਹੀ ਅਰਥਾਂ ਵਿਚ ਉਹ ਸਥਾਨ ਨਹੀਂ ਦਿੱਤਾ ਜਾਂਦਾ ਜੋ ਗੁਰੂ ਨਾਨਕ ਸਾਹਿਬ ਤੇ ਹੋਰ ਸਿੱਖ ਗੁਰੂ ਸਾਹਿਬਾਨ ਨੇ ਇਸ ਨੂੰ ਪ੍ਰਦਾਨ ਕੀਤਾ ਹੈ, ਤਦ ਤੱਕ ਇਸ ਦੇ ਅਥਰੂ ਨਹੀਂ ਪੂੰਝੇ ਜਾਣੇ, ਇਸ ਦੇ ਜ਼ਖਮਾਂ ਤੇ ਮਲ੍ਹਮ ਨਹੀਂ ਲਗਣੀ, ਇਸ ਦੀ ਆਬਰੂ ਕਾਇਮ ਨਹੀਂ ਹੋਣੀ ਤੇ ਇਸ ਦਾ ਸਦੀਆਂ ਤੋਂ ਚਲਿਆ ਆ ਰਿਹਾ ਹੀਣਤਾ ਭਾਵ ਜ਼ਾਇਲ ਨਹੀਂ ਹੋਣਾ ਜਿਸ ਕਰਕੇ ਮਨੁੱਖੀ ਭਾਈਚਾਰੇ ਵਿਚ ਇਸ ਦੀ ਭੂਮਿਕਾ ਬੇਵਜ਼ਨੀ ਹੀ ਬਣੀ ਰਹੇਗੀ। ਜੇਕਰ ਅਜੋਕੇ ਵਿਕਸਤ ਤੇ ਪ੍ਰਫੁਲਤ ਦੌਰ ਵਿਚ ਵੀ ਅਜਿਹਾ ਕੁਝ ਹੁੰਦਾ ਰਿਹਾ ਤਾਂ ਅਸੀਂ ਇਸ ਸੰਸਾਰ ਨੂੰ ਕਦੇ ਵੀ ਖੁਸ਼ਗਵਾਰ ਨਹੀਂ ਬਣਾ ਸਕਾਂਗੇ ਜਿਸ ਵਿਚ ਨਾਰੀ ਵੀ ਬਰਾਬਰ ਦੀ ਭਾਈਵਾਲ ਹੁੰਦਿਆਂ ਹੋਇਆਂ ਆਰੀ ਤੇ ਦੁਰਕਾਰੀ ਜ਼ਿੰਦਗੀ ਜਿਊਣ ਲਈ ਮਜਬੂਰ ਹੋਵੇ।

***ਔਰਤ ਨੇ ਜਨਮ ਦੀਆ ਮਰਦੋਂ ਕੋ ਮਰਦੋਂ ਨੇ ਇਸੇ ਨੀਲਾਮ ਕੀਆ,***
***ਜਬ ਜੀ ਚਾਹਾ ਮਚਲਾ ਕੁਚਲਾ ਜਬ ਜੀ ਚਾਹਾ ਬਦਨਾਮ ਕੀਆ।***

ਕੀ ਉਕਤ ਦੋ ਲਾਈਨਾਂ ਵਿਚ ਲਿਖੀ ਵਿਥਿਆ ਕਿਸੇ ਲਿਹਾਜ਼ ਨਾਲ ਗ਼ਲਤ ਹੈ? ਕੀ ਅਸੀਂ ਬੇਕਸੂਰ ਮਹਿਲਾ ਵਰਗ ਤੇ ਮਨੁੱਖ ਜ਼ਾਤ ਵਲੋਂ ਲਗਾਏ ਗਏ ਦੁਰ-ਵਿਹਾਰ ਦੇ ਕੌਝੇ ਕਲੰਕ ਅਤੇ ਬਦਨੁਮਾ ਧੱਬਿਆਂ ਨੂੰ ਧੋ ਨਹੀਂ ਸਕਦੇ ਜੋ ਸਾਡੀਆਂ ਆਪਣੀਆਂ ਧੀਆਂ, ਭੈਣਾਂ ਤੇ ਮਾਵਾਂ ਨੂੰ ਰੁਸਵਾ ਕਰਦੇ ਹਨ? ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਪਾਏ ਪੂਰਨਿਆਂ ਤੇ ਚੱਲਦਿਆਂ ਹੋਇਆਂ ਆਓ ਪ੍ਰਣ ਕਰੀਏ ਕਿ ਉਨ੍ਹਾਂ ਦੇ ਹੁਕਮਾਂ ਦੇ ਤਾਬੇ ਅਸੀਂ ਮਹਿਲਾ ਵਰਗ ਦੇ ਜੀਵਨ ਵਿਚ ਸਦੀਆਂ ਤੋਂ ਗੱਡੀਆਂ ਸੂਲਾਂ ਕੱਢਣ ਵਿਚ ਅਮਲੀ ਤੌਰ ਤੇ ਕੁਝ ਕਰ ਸਕਣ ਦਾ ਹੰਭਲਾ ਮਾਰੀਏ। ਗੁਰੂ ਦੇ ਸਿੱਖ ਹੋਣ ਦੇ ਨਾਤੇ ਇਹ ਸਾਡਾ ਪਹਿਲਾ ਫਰਜ਼ ਬਣਦਾ ਹੈ। ਇਸ ਫਰਜ਼ ਦੀ ਪੂਰਤੀ ਦੀ ਸ਼ੁਰੂਆਤ ਅਸੀਂ ਆਪਣੀਆਂ ਧੀਆਂ, ਭੈਣਾਂ, ਮਾਵਾਂ ਤੇ ਸੁਪਤਨੀਆਂ ਦੀ ਸੁਖ ਸਮਰਿਧੀ ਵਿਚ ਕੁਝ ਹੋਰ ਸੁਖਾਵਾਂਪਨ ਲਿਆਉਣ ਨਾਲ ਕਰ ਸਕਦੇ ਹਾਂ। ਅਜਿਹਾ ਕਰਨ ਨਾਲ ਗਰਿਸਤੀ ਜੀਵਨ ਵਿੱਚ ਸਹਿਜ ਸੁਭਾਏ ਵਾਪਰ ਜਾਣ ਵਾਲੇ ਕਈ ਕਲ ਕਲੇਸ਼ ਖਤਮ ਹੋ ਜਾਣਗੇ ਤੇ ਖੁਸ਼ਗਵਾਰ ਘਰੇਲੂ ਵਾਤਾਵਰਨ ਹਰ ਪ੍ਰਕਾਰ ਦੀ ਸਿਹਤਮੰਦੀ ਦੇ ਪਿੜ ਮੌਕਲੇ ਕਰੇਗਾ ਤੇ ਮਨ ਚਿੰਦੇ ਫਲ ਸਾਡੀਆਂ ਝੋਲੀਆਂ ਭਰ ਦੇਣਗੇ। ਅਜਿਹਾ ਕੁਝ ਕਰਕੇ ਅਸੀਂ ਗੁਰੂ ਨਾਨਕ ਸਾਹਿਬ ਦੇ ਨੇਕ ਦਿਲ ਸ਼ਰਧਾਲੂ ਅਖਵਾਣ ਦੇ ਵੀ ਯੋਗ ਅਖਵਾ ਸਕਾਂਗੇ।

**ਕਲਿ ਕਲੇਸ ਮਿਟਹਿ ਭ੍ਰਮ ਨਾਸਹਿ**
**ਮਨਿ ਚਿੰਦਿਆ ਫਲ ਪਾਈਐ॥** *(ਅੰਕ-249)*

ਗਿਆਨੀ ਸਰੂਪ ਸਿੰਘ ਕੜਿਆਣਾ
ਪੰਥਕ ਢਾਡੀ ਜੱਥਾ
98150-03075
ਪਿੰਡ ਕੜਿਆਣਾ ਤਹਿ: ਫਿਲੌਰ (ਜਲੰਧਰ)

# 12

## ਸਿੱਖ ਸਮਾਜ ਵਿਚ ਮਹਿਲਾ ਵਰਗ ਦਾ ਸਥਾਨ

ਸਾਡੇ ਦੇਸ਼ ਵਿਚ ਲੜਕੀ ਦੇ ਜੰਮਣ ਨਾਲ ਹੀ ਉਸ ਦਾ ਭਵਿੱਖ ਨਿਸ਼ਚਤ ਹੋ ਜਾਂਦਾ ਹੈ। 50 ਫੀਸਦੀ ਬਾਲੜੀਆਂ 5 ਸਾਲ ਦੀ ਉਮਰ ਤੋਂ ਆਪਣੇ ਸਿਰਾਂ ਉਤੇ ਘਰੇਲੂ ਕੰਮਾਂ ਦਾ ਬੋਝਾ ਚੁੱਕ ਕੇ ਆਪਣੀ ਜ਼ਿੰਦਗੀ ਦਾ ਰਿਣ ਚੁਕਾਣਾ ਸ਼ੁਰੂ ਕਰ ਦਿੰਦੀਆਂ ਹਨ ਤੇ ਫਿਰ ਮਰਨ ਤੱਕ ਉਨ੍ਹਾਂ ਨੂੰ ਚੈਨ ਦਾ ਸਾਹ ਨਸੀਬ ਨਹੀਂ ਹੁੰਦਾ। ਦਾਜ, ਲਾਜ ਤੇ ਰਾਜ ਦੀਆਂ ਘਿਨਾਉਣੀਆਂ ਲਾਹਨਤਾਂ ਸਦੀਆਂ ਤੋਂ ਔਰਤ ਦੇ ਦਾਮਨ ਨਾਲ ਅਜਿਹੀਆਂ ਚਿੰਬੜੀਆਂ ਹੋਈਆਂ ਹਨ ਜਿਨ੍ਹਾਂ ਦੀ ਮਾਰ ਸਦਕਾ ਉਸ ਦੀ ਆਜ਼ਾਦਾਨਾ ਹਸਤੀ ਕਦੇ ਵੀ ਨਹੀਂ ਸਿਰਜ ਸਕੀ ਅਤੇ ਨਾ ਹੀ ਮਨੁੱਖ ਨੇ ਉਸ ਨੂੰ ਪੂਰਨ ਵਿਕਾਸ ਲਈ ਮੌਕਾ ਹੀ ਪ੍ਰਦਾਨ ਕਰਨ ਦੀ ਗੁੰਜਾਇਸ਼ ਛੱਡੀ ਹੈ। ਭਾਰਤ ਦੀ 50 ਸਾਲ ਤੋਂ ਵਧ ਦੀ ਸੁਤੰਤਰਤਾ ਭਰੀ ਉਮਰ ਹੋ ਜਾਣ ਦੇ ਬਾਅਦ ਵੀ ਅੱਜ ਬਾਲੜੀ ਦੇ ਜਨਮ ਨੂੰ ਉਸੇ ਹਾਲਤ ਵਿਚ ਹੀ ਸਲਾਹਿਆ ਜਾਂਦਾ ਹੈ ਜੇਕਰ ਉਹ ਆਪਣੇ ਘਰ ਵਿਚ ਨਾ ਜੰਮ ਕੇ ਗਵਾਂਢੀ ਦੇ ਘਰ ਵਿਚ ਜੰਮੇ। ਪੜ੍ਹੇ ਲਿਖੇ ਅਤੇ ਆਰਥਿਕ ਤੌਰ ਤੇ ਸੰਪੰਨ ਲੋਕੀ ਵੀ ਜਦ ਆਪਣੀ ਗਰਭਵਤੀ ਧੀ ਭੈਣ ਜਾਂ ਨਹੂੰ ਲਈ ਕੋਈ ਸ਼ੁਭ ਕਾਮਨਾ ਕਰਦੇ ਹਨ ਤਾਂ ਉਹ ਉਸ ਲਈ 'ਕੋਈ ਚੰਗੀ ਚੀਜ਼' ਹੀ ਮੰਗਦੇ ਹਨ ਤੇ ਸਾਨੂੰ ਸਾਰਿਆਂ ਨੂੰ ਭਲੀ ਪ੍ਰਕਾਰ ਪਤਾ ਹੀ ਹੈ ਕਿ ਚੰਗੀ ਚੀਜ਼ ਤੋਂ ਉਨ੍ਹਾਂ ਦੀ ਮੁਰਾਦ ਪੁੱਤਰ ਤੋਂ ਹੈ ਧੀ ਤੋਂ ਬਿਲਕੁਲ ਨਹੀਂ। ਧੀ ਤਾਂ ਵਿਚਾਰੀ ਹੈ ਹੀ ਪਰਾਇਆ ਧਨ ਅਤੇ ਇਸ ਦੇ ਉਲਟ ਪੁੱਤਰ ਕੁਲ ਦਾ ਨਿਸ਼ਾਨ ਹੈ, ਦੇਸ਼ ਦੀ ਸ਼ਾਨ ਹੈ ਤੇ ਮਾਨਵਤਾ ਦਾ ਮਾਣ ਹੈ। ਸ਼ਾਇਦ ਇਸੇ ਲਈ ਪੁੱਤਰਾਂ ਨੂੰ ਚੰਗਾ ਖਾਣਾ, ਚੰਗਾ ਬਾਣਾ ਅਤੇ ਚੰਗੀ ਸਿੱਖਿਆ ਦਿੱਤੀ ਜਾਂਦੀ ਹੈ ਤੇ ਕੁੜੀਆਂ ਚਿੜੀਆਂ ਨੂੰ ਜੂਠ ਅਤੇ ਸਬਰ ਤੇ ਹੀ ਡੰਗ ਟਪਾਉਣ ਦੀ ਜਾਚ ਸਿਖਾਈ ਜਾਂਦੀ ਹੈ। ਇਹ ਅਫਸੋਸ ਦੀ ਗੱਲ ਹੈ ਕਿ ਭਾਰਤ ਦੀ ਅੱਧੀ ਸੰਖਿਆ ਮਹਿਲਾਵਾਂ ਤੇ ਆਧਾਰਿਤ ਹੋਣ ਦੇ ਬਾਵਜੂਦ ਸਾਡੀ ਸਮੁੱਚੀ ਅਬਾਦੀ ਵਿਚੋਂ ਕੇਵਲ 3% ਲੜਕੀਆਂ ਹੀ ਹਾਈ ਸਕੂਲ ਤੋਂ ਉਤੇ ਪੜ੍ਹਾਈ ਲਈ ਪਹੁੰਚਦੀਆਂ ਹਨ ਜਦ ਕਿ ਲੜਕਿਆਂ ਦੀ ਗਿਣਤੀ ਇਸ ਤੋਂ ਚਾਰ ਗੁਣਾਂ ਵੱਧ ਹੈ। ਉਂਜ ਕਹਿਣ ਨੂੰ ਗਲਾ ਫਾੜ ਫਾੜ ਕੇ ਕਿਹਾ ਜਾਂਦਾ ਹੈ ਕਿ ਲੜਕੀ ਦੀ ਸਿੱਖਿਆ ਪੁਰਸ਼

ਦੀ ਸਿੱਖਿਆ ਨਾਲੋਂ ਕਿਤੇ ਵੱਧ ਮਹੱਤਵਪੂਰਨ ਹੈ ਕਿਉਂਕਿ ਜੇ ਇਕ ਕੁੜੀ ਪੜ੍ਹ ਗਈ ਤਾਂ ਸਮਝੋ ਉਸ ਦਾ ਸਾਰਾ ਟੱਬਰ, ਸਗੋਂ ਸਾਰੀ ਕੁਲ ਹੀ ਪੜ੍ਹ ਗਈ।

ਅੱਜ ਤੋਂ 2 ਹਜ਼ਾਰ ਸਾਲ ਪਹਿਲਾਂ ਤਾਂ ਔਰਤਾਂ ਦੀ ਸਮੁੱਚੀ ਜੀਵਨ ਸਥਿਤੀ ਦੀ ਦਸ਼ਾ ਅੱਜ ਤੋਂ ਕਿਤੇ ਮਾੜੀ ਸੀ। ਮਨੂ ਦੇ ਔਰਤ ਜ਼ਾਤ ਬਾਰੇ ਬੋਲੇ ਕੋਹਝੇ ਕਥਨਾਂ ਤੇ ਮਰਦ ਜ਼ਾਤ ਵੱਲੋਂ ਔਰਤ ਉਤੇ ਕੀਤੀਆਂ ਜਾਣ ਵਾਲੀਆਂ ਸਰਬ ਪ੍ਰਕਾਰੀ ਵਧੀਕੀਆਂ ਨੇ ਇਸ ਦਾ ਜੀਵਨ ਸਤਰ ਘਰ ਵਿਚ ਪਾਲਤੂ ਜਾਨਵਰ ਤੋਂ ਵੀ ਬਦਤਰ ਬਣਾ ਦਿੱਤਾ ਹੋਇਆ ਸੀ। ਅਗਿਆਨਤਾ ਦੇ ਗੂੜ੍ਹੇ ਹਨੇਰੇ, ਜ਼ਾਤ ਪਾਤ ਦੀਆਂ ਸਖ਼ਤ ਬੰਦਸ਼ਾਂ, ਗੁਲਾਮ ਕੌਮ ਦੀਆਂ ਬਹੂ-ਬੇਟੀਆਂ ਦੀ ਅਸੁਰੱਖਿਅਤ ਇੱਜ਼ਤ ਦੀ ਸਮੱਸਿਆ ਨੇ ਬਲਦੀ ਤੇ ਹੋਰ ਤੇਲ ਪਾਉਂਦਿਆਂ ਇਸ ਵਿਚਾਰੀ ਦੀ ਹਾਲਤ ਅਜਿਹੀ ਦਰਦਨਾਕ ਤੇ ਤਰਸਯੋਗ ਬਣਾ ਦਿੱਤੀ ਸੀ ਕਿ ਇਹ ਆਪਣੇ ਦੇਵੀ ਗੁਣਾਂ ਦੇ ਹੁੰਦਿਆਂ ਸੁੰਦਿਆਂ ਮਨੁੱਖ ਦੀਆਂ ਨਜ਼ਰਾਂ ਵਿਚ ਕੇਵਲ ਤਾੜਨ ਦੀ ਹੀ ਅਧਿਕਾਰੀ ਬਣੀ ਰਹੀ। ਘਰ ਦੀ ਚਾਰ ਦੀਵਾਰੀ ਇਸ ਦੇ ਜੀਵਨ ਦਾ ਪਸਾਰ ਖੇਤਰ ਸੀ। ਆਰਥਿਕ, ਸਮਾਜਿਕ ਤੇ ਜਿਸਮਾਨੀ ਤਸੀਹੇ ਝਲਣੇ ਇਸ ਦੇ ਪ੍ਰਮੁੱਖ ਫਰਜ਼ਾਂ ਵਿਚ ਸ਼ਾਮਿਲ ਸਨ। ਇਸ ਦੇ ਮਸਤਕ ਉਤੇ ਉਕਰੇ ਲਲਾਟ ਸ਼ੁਭਚਿੰਤਤਾ ਦੇ ਗੁਣਾਂ ਵਜੋਂ ਜਿਸ ਦਾ ਵੀ ਦਾਅ ਲੱਗਾ, ਜ਼ੋਰ ਪਿਆ ਉਸ ਨੇ ਹੀ ਔਰਤ ਦੀ ਝੋਲੀ ਵਿਚ ਗ਼ਮਗ਼ੀਨੀ, ਨਿਰਾਦਰੀ, ਜ਼ਿਲਤ ਤੇ ਖੁਆਰੀ ਦੀਆਂ 'ਵਡਮੁਲੀਆਂ ਬਖਸ਼ਿਸ਼ਾਂ' ਪਾਈਆਂ। ਮਨੂ ਤਾਂ ਇਸ ਵਿਚਾਰੀ ਮਗਰ ਲੱਕ ਬੰਨ੍ਹ ਕੇ ਹੀ ਪੈ ਗਿਆ ਤੇ ਇਥੇ ਤੱਕ ਕਹਿਣ ਵਿਚ ਪਿਛੇ ਨਹੀਂ ਹਟਿਆ ਕਿ ਔਰਤਾਂ ਅਗਿਆਨਵਾਨ ਹਨ, ਵੇਦ ਮੰਤਰ ਦੇ ਅਧਿਕਾਰ ਤੋਂ ਵੰਚਿਤ ਹਨ ਅਤੇ ਝੂਠ ਦੀ ਮੂਰਤ ਹੋਣ ਕਾਰਨ ਨਿੰਦਣ, ਕੋਸਣ ਯੋਗ ਹਨ ਤੇ ਇਨ੍ਹਾਂ ਤੇ ਭਰੋਸਾ ਕਰਨਾ ਮਹਾਂ ਮੂਰਖਤਾ ਹੈ।

ਔਰਤ ਪ੍ਰਤੀ ਪ੍ਰਚਲਤ ਇਸ ਪ੍ਰਕਾਰ ਦੀ ਸਿਤਮ-ਜ਼ਰੀਫੀ ਦੇ ਮਾਹੌਲ ਵਿਚ ਜਦ ਗੁਰੂ ਨਾਨਕ ਦੇਵ ਜੀ ਭਾਰਤ ਦੇ ਗਗਨ ਮੰਡਲ ਤੇ ਸਰਬ ਮਾਨਵਤਾ ਲਈ ਰੱਬ ਦਾ ਪੈਗ਼ਾਮ ਲੈ ਕੇ ਆਏ ਤਾਂ ਨਵੀਆਂ ਉਮੰਗਾਂ, ਨਵੀਆਂ ਆਸਾਂ ਦਾ ਪ੍ਰਕਾਸ਼ ਫੈਲਣ ਲੱਗਾ। ਉਨ੍ਹਾਂ ਨੇ ਆਪਣੇ ਮੁਖਾਰਬਿੰਦ ਤੋਂ ਜਿਥੇ ਉਸ ਸਮੇਂ ਦੇ ਸਮਾਜ ਵਿਚ ਪਸਰੇ ਭਰਮਾਂ, ਵਹਿਮਾਂ, ਜ਼ਾਤਾਂ ਪਾਤਾਂ ਕਰਮ-ਕਾਂਡਾਂ ਬਾਰੇ ਬਾ-ਅਵਾਜ਼ਿ-ਬੁਲੰਦ ਜਹਾਦ ਖੜ੍ਹਾ ਕੀਤਾ ਉਥੇ ਉਨ੍ਹਾਂ ਨੇ ਔਰਤ ਦੇ ਮੰਦਹਾਲੀ ਭਰੇ ਜੀਵਨ ਵਿਚ ਸੁਧਾਰ ਲਿਆਉਣ ਲਈ ਭਰਵੀਂ ਆਵਾਜ਼ ਉਠਾਈ। ਬੜੀ ਦਲੇਰੀ ਨਾਲ ਪੁਰਸ਼ ਵਰਗ ਨੂੰ ਫਟਕਾਰਦਿਆਂ ਕਿਹਾ ਕਿ ਔਰਤ ਦੀ ਕੁਖ ਤੋਂ

ਜੰਮ ਕੇ ਇਸੇ ਨੂੰ ਪ੍ਰੇਸ਼ਾਨ ਕਰਦੇ ਹੋ, ਦੁਰਕਾਰਦੇ ਹੋ ਤੇ ਪੈਰ ਦੀ ਜੁੱਤੀ ਸਮਝਦੇ ਹੋ, ਕਿਤਨੇ ਅਕ੍ਰਿਤਘਣ ਹੋ। ਕਿਤਨੀ ਅਭਾਗੀ ਗੱਲ ਹੈ ਕਿ ਉਹ ਔਰਤ ਜੋ ਰਾਜਿਆਂ, ਰਾਣਿਆਂ, ਸੰਤਾਂ, ਸਾਧਾਂ, ਸੂਰਬੀਰਾਂ ਨੂੰ ਜਨਮ ਦੇਂਦੀ ਹੈ ਉਸ ਨੂੰ ਮੰਦਾ ਕਿਹਾ ਜਾਂਦਾ ਹੈ, ਉਛਾਲਿਆ, ਨਿੰਦਿਆ, ਭੰਡਿਆ ਤੇ ਨਿਰਲਜ ਕੀਤਾ ਜਾਂਦਾ ਹੈ। ਇਹ ਮਨੁੱਖ ਦੀ ਔਰਤ ਪ੍ਰਤੀ ਅਕ੍ਰਿਤਘਣਤਾ ਹੈ, ਨਾ-ਇਨਸਾਫੀ ਹੈ ਤੇ ਸਰਾਸਰ ਜ਼ੁਲਮ ਨਹੀਂ ਤਾਂ ਹੋਰ ਕੀ ਹੈ? ਗੁਰੂ ਸਾਹਿਬ ਦੀ ਇਸ ਦਲੇਰਾਨਾ ਤੇ ਇਨਕਲਾਬੀ ਆਵਾਜ਼ ਨਾਲ ਔਰਤ ਦੇ ਉਥਾਨ ਦਾ ਸਿਲਸਿਲਾ ਚਲ ਪਿਆ। ਗੁਰੂ ਨਾਨਕ ਦੇਵ ਜੀ ਤੋਂ ਮਗਰੋਂ ਗੁਰੂ ਅੰਗਦ ਦੇਵ ਜੀ ਨੇ ਆਪਣੇ ਮਹਿਲਾਂ (ਬੀਵੀ) ਖੀਵੀ ਜੀ ਨੂੰ ਗੁਰੂ ਦੇ ਲੰਗਰ ਦਾ ਇੰਚਾਰਜ ਬਣਾ ਕੇ ਉਨ੍ਹਾਂ ਨੂੰ ਸਨਮਾਨਜਨਕ ਮੁਰਾਤਬਾ ਬਖਸ਼ ਕੇ ਸਿੱਖ ਸਮਾਜ ਵਿਚ ਔਰਤ ਦੇ ਵਿਸ਼ੇਸ਼ ਸਤਿਕਾਰ ਦੀ ਲਹਿਰ ਨੂੰ ਹੋਰ ਬਲ ਪ੍ਰਦਾਨ ਕੀਤਾ। ਇਥੇ ਹੀ ਬੱਸ ਨਹੀਂ ਦੂਜੇ ਪਾਤਸ਼ਾਹ ਤੋਂ ਮਗਰੋਂ ਸ੍ਰੀ ਗੁਰੂ ਅਮਰਦਾਸ ਜੀ ਨੇ ਔਰਤ ਵਿਚ ਸਤੀ ਦੀ ਅਤਿ ਘਿਨਾਉਣੀ, ਅਮਾਨਵੀ ਤੇ ਨਿਰਦਈ ਰਸਮ ਵਿਰੁੱਧ ਸ਼ਕਤੀਸ਼ਾਲੀ ਰੂਪ ਵਿਚ ਆਵਾਜ਼ ਬੁਲੰਦ ਕੀਤੀ ਜਿਹੜੀ ਉਸ ਸਮੇਂ ਦੇ ਪ੍ਰਚਲਿਤ ਸਮਾਜ ਲਈ ਇਕ ਚਣੌਤੀ ਸੀ। ਜਬਰੀ ਆਤਮ ਹੱਤਿਆ ਨੂੰ ਸਤੀ ਕਹਿਕੇ ਉਸ ਉਤੇ ਧਰਮ ਦੀ ਪਾਹ ਚਾੜ੍ਹ ਕੇ ਉਸ ਨੂੰ ਸਤਿਕਾਰੀ ਗੱਲ ਬਣਾਉਣਾ ਕਿਸੇ ਵੀ ਪੱਖੋਂ ਉਨ੍ਹਾਂ ਨੂੰ ਉਚਿਤ ਨਾ ਲੱਗਿਆ ਕਿਉਂਕਿ ਉਨ੍ਹਾਂ ਦੇ ਵਿਚਾਰ ਅਨੁਸਾਰ ਮਨੁੱਖੀ ਸਰੀਰ ਇਵੇਂ ਅਜਾਈਂ ਜ਼ਾਇਆ ਕਰਨ ਵਾਲੀ ਕੋਈ ਸਾਧਾਰਨ ਵਸਤੂ ਨਹੀਂ। ਉਨ੍ਹਾਂ ਬੜੇ ਦਲੇਰਾਨਾ ਢੰਗ ਨਾਲ ਸਤੀ ਦੀ ਪ੍ਰੀਭਾਸ਼ਾ ਦੱਸਦਿਆਂ ਫਰਮਾਣ ਕੀਤਾ ਕਿ ਸਤੀ ਉਹ ਔਰਤਾਂ ਨਹੀਂ ਜੋ ਆਪਣੇ ਪਤੀ ਦੀ ਚਿਖ਼ਾ ਉਤੇ ਜਿਊਂਦੀਆਂ ਸੜ ਮਰਦੀਆਂ ਹਨ। ਅਸਲ ਵਿਚ ਸਤੀ ਤਾਂ ਉਸ ਨੂੰ ਕਿਹਾ ਜਾਣਾ ਚਾਹੀਦਾ ਹੈ ਜੋ ਆਪਣੇ ਪਤੀ ਦੇ ਵਿਯੋਗ ਵਿਚ ਬਿਰਹੋਂ ਨੂੰ ਹੰਢਾਉਂਦੀ ਤੇ ਆਪਣੇ ਪ੍ਰੀਤਮ ਮਾਹੀ ਨੂੰ ਸਿਮਰਦੀ ਹੈ। ਗੁਰੂ ਸਾਹਿਬ ਅਨੁਸਾਰ ਸੀਲ, ਸਬਰ, ਸੰਤੋਖ ਅਤੇ ਆਪਣੇ ਪਤੀ ਦੀ ਯਾਦ ਵਿਚ ਰਹਿੰਦਿਆਂ ਹੋਇਆਂ ਅਕਾਲਪੁਰਖ ਦਾ ਭਾਣਾ ਮੰਨਣਾ ਕਿਸੇ ਵੀ ਹਾਲਤ ਵਿਚ ਸਤੀ ਹੋਣ ਤੋਂ ਘੱਟ ਨਹੀਂ।

ਗੁਰੂ ਅਮਰਦਾਸ ਜੀ ਨੇ ਆਪਣੇ ਉਕਤ ਵਿਚਾਰਾਂ ਨੂੰ ਲੋਕਾਂ ਦੇ ਦਿਲਾਂ ਵਿਚ ਸਮੋ ਦੇਣ ਲਈ ਦੂਰ ਦੁਰਾਡੇ ਤੱਕ ਵਸਦੇ ਆਪਣੇ ਸ਼ਰਧਾਲੂਆਂ ਤੇ ਸਿੱਖਾਂ ਨੂੰ ਹੁਕਮ ਜਾਰੀ ਕਰਕੇ ਤਾਕੀਦ ਕੀਤੀ ਕਿ ਉਹ ਸਤੀ ਦੀ ਭੈੜੀ ਰਸਮ ਦਾ ਡੱਟ ਕੇ ਵਿਰੋਧ ਕਰਨ ਭਾਵੇਂ ਇਵੇਂ ਕਰਨ ਵਿਚ ਉਨ੍ਹਾਂ ਨੂੰ ਕਿਤਨਾ ਕਸ਼ਟ ਤੇ ਵਿਰੋਧ ਵੀ ਕਿਉਂ ਨਾ ਸਹਾਰਨਾ ਪਵੇ। ਗੁਰੂ ਸਾਹਿਬ ਦੇ ਇਨ੍ਹਾਂ ਠੋਸ ਪ੍ਰਯਤਨਾਂ

ਦਾ ਭਾਰਤੀ ਸਮਾਜ ਤੇ ਚੰਗਾ ਪ੍ਰਭਾਵ ਪਿਆ ਅਤੇ ਸਤੀ ਦੀ ਰਸਮ ਵਿਰੁੱਧ ਹਵਾ ਗਰਮ ਹੋਈ ਪਰ ਇਸ ਲਹਿਰ ਦੇ ਪ੍ਰਭਾਵ ਸਦਕਾ ਇਕ ਹੋਰ ਸਮੱਸਿਆ ਉਨ੍ਹਾਂ ਵਿਧਵਾ ਔਰਤਾਂ ਦੇ ਪੁਨਰ ਵਸੇਬੇ ਦੀ ਸਾਹਮਣੇ ਆਈ ਜਿਨ੍ਹਾਂ ਨੇ ਨਵੀਂ ਸੋਚ ਦੇ ਤਾਬੇ ਸਤੀ ਹੋਣ ਤੋਂ ਇਨਕਾਰ ਕਰ ਦਿੱਤਾ। ਸਮਾਜ ਦੇ ਰੂੜੀਵਾਦੀ ਪਤਵੰਤਿਆਂ ਅਤੇ ਅਨਪੜ੍ਹ ਸਾਕ ਸੰਬੰਧੀਆਂ ਤੇ ਰਿਸ਼ਤੇਦਾਰਾਂ ਦੇ ਤਾਹਨਿਆਂ ਮਿਹਣਿਆਂ ਨੇ ਉਨ੍ਹਾਂ ਦਾ ਜੀਵਨ ਦੂਭਰ ਕਰ ਦਿੱਤਾ। ਗੁਰੂ ਸਾਹਿਬ ਨੇ ਇਸ ਸਮੱਸਿਆ ਦਾ ਵੀ ਹੱਲ ਕੱਢ ਕੇ ਔਰਤਾਂ ਦੀ ਸਾਖ ਵਧਾਉਣ ਦੇ ਪ੍ਰਯਤਨ ਕਰਦਿਆਂ ਹੋਇਆਂ ਵਿਧਵਾ ਔਰਤ ਦੇ ਪੁਨਰ ਵਿਆਹ ਨੂੰ ਜਾਇਜ਼, ਸ਼ੁਭ ਤੇ ਜ਼ਰੂਰੀ ਮੰਨ ਕੇ ਇਸ ਦੀ ਖੁੱਲ੍ਹ ਪ੍ਰਦਾਨ ਕੀਤੀ। ਭਾਵੇਂ ਇਨ੍ਹਾਂ ਤੋਂ ਪਹਿਲੇ ਗੁਰੂ ਸਾਹਿਬ ਨੇ ਵੀ ਵਿਧਵਾ ਵਿਆਹ ਦੀ ਆਗਿਆ ਦੇ ਕੇ ਔਰਤ ਦੀ ਮੰਦਹਾਲੀ ਭਰੀ ਦਸ਼ਾ ਨੂੰ ਬਦਲਣ ਦੇ ਭਰਪੂਰ ਯਤਨ ਕੀਤੇ ਸਨ ਪਰ ਗੁਰੂ ਅਮਰਦਾਸ ਜੀ ਨੇ ਤਾਂ ਇਸ ਵਿਰੁੱਧ ਲਾਮ ਹੀ ਲਾ ਦਿੱਤਾ। ਜਦ ਇਨ੍ਹਾਂ ਵਿਧਵਾਵਾਂ ਦੇ ਪੁਨਰ ਵਿਆਹ ਕਰਾਉਣ ਤੋਂ ਪੰਡਿਤਾਂ ਨੇ ਨਾਂਹ ਕਰ ਦਿੱਤੀ ਤਾਂ ਗੁਰੂ ਸਾਹਿਬ ਨੇ ਆਪਣੇ ਢੰਗ ਨਾਲ ਆਨੰਦ ਕਾਰਜ ਦੀ ਪ੍ਰਪਾਟੀ ਚਲਾ ਕੇ ਸ਼ਾਦੀ ਨੂੰ ਆਤਮਿਕ ਬੰਧਨ ਵਿਚ ਬੱਝ ਜਾਣ ਵਾਲਾ ਸੁੱਚਾ ਕਰਮ ਗਰਦਾਨਿਆ ਜਿਸ ਵਿਚ ਮਰਦ ਤੇ ਔਰਤ ਦੋਨੋਂ ਬਰਾਬਰ ਦੇ ਸਾਂਝੀਵਾਲ ਤੇ ਦੁਖ ਸੁਖ ਦੇ ਭਾਈਵਾਲ ਬਣ ਗਏ ਅਤੇ ਆਪਸੀ ਸਮਾਨਤਾ ਨੂੰ ਉਨ੍ਹਾਂ ਦੇ ਜੀਵਨ ਦਾ ਅਧਾਰ ਮਿਥਿਆ ਗਿਆ। ਗੁਰੂ ਰਾਮਦਾਸ ਜੀ ਵਲੋਂ ਰਚੀਆਂ ਗਈਆਂ ਚਾਰ ਲਾਵਾਂ ਨੇ ਆਨੰਦ ਕਾਰਜੀ ਗਰਿਸਤੀ ਜੀਵਨ ਨੂੰ ਅਧਿਆਤਮਿਕ ਸਿਖਰਾਂ ਛੂੰਹਦੀਆਂ ਮੰਜ਼ਿਲਾਂ ਨਾਲ ਜਾ ਜੋੜਿਆ।

ਗੁਰੂ ਅਮਰਦਾਸ ਜੀ ਵਲੋਂ ਸਿੱਖ ਔਰਤਾਂ ਵਿੱਚੋਂ ਬੁਰਕੇ ਦੀ ਰਸਮ ਖਤਮ ਕਰਵਾ ਕੇ ਸਿੱਖ ਮਹਿਲਾ ਵਰਗ ਨੂੰ ਪਹਿਲੀ ਵਾਰੀ ਪੂਰੀ ਅਜ਼ਾਦੀ ਨਾਲ ਸਾਹ ਲੈਣ ਦਾ ਅਵਸਰ ਪ੍ਰਦਾਨ ਕੀਤਾ। ਇਸੇ ਤਰ੍ਹਾਂ ਜੋ ਧਰਮ ਪ੍ਰਚਾਰ ਲਈ 22 ਮੰਜੀਆਂ ਸਥਾਪਤ ਕੀਤੀਆਂ ਤਾਂ ਉਨ੍ਹਾਂ ਵਿੱਚ ਵੀ ਔਰਤਾਂ ਨੂੰ ਮੰਜੀਦਾਰ ਬਣਾ ਕੇ ਉਨ੍ਹਾਂ ਦਾ ਰੁਤਬਾ ਮਰਦ ਦੇ ਬਰਾਬਰ ਬਣਾ ਦਿੱਤਾ।

ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੇ ਆਪਣੇ ਮਹਿਲਾਂ ਗੰਗਾ ਜੀ ਨੂੰ ਸੰਗਤ ਦੀ ਸੇਵਾ ਕਰਨ ਸਮੇਂ ਹਮੇਸ਼ਾ ਆਪਣੇ ਨਾਲ ਰੱਖਿਆ ਜਿਸ ਦਾ ਸਿੱਖ ਸੰਗਤਾਂ ਤੇ ਬੜਾ ਸੁਖਾਵਾਂ ਪ੍ਰਭਾਵ ਪਿਆ ਤੇ ਉਹ ਵੀ ਆਪਣੇ ਪਰਿਵਾਰਾਂ ਵਿਚ ਆਪਣੀਆਂ ਮਹਿਲਾਵਾਂ ਨਾਲ ਹਰ ਮਾਮਲੇ ਵਿਚ ਮੋਢੇ ਨਾਲ ਮੋਢਾ ਜੋੜਨ ਲੱਗ ਪਈਆਂ ਤੇ ਸਲਾਹ ਮਸ਼ਵਰਾ ਲੈ ਕੇ ਇਸ ਵਰਗ ਨੂੰ ਇਕ ਨਵੇਂ ਸਤਿਕਾਰ

ਦਾ ਪਾਤਰ ਬਣਾਉਂਦੀਆਂ ਰਹੀਆਂ। ਇਹ ਸਿਲਸਿਲਾ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੱਕ ਬਦਸਤੂਰ ਬਾਖੂਬੀ ਚਲਦਾ ਰਿਹਾ। ਦਸਮੇਸ਼ ਪਿਤਾ ਨੇ ਔਰਤ ਵਰਗ ਦੀ ਸ਼ਾਨ ਵਿਚ ਇਥੇ ਤੱਕ ਬਚਨ ਕਹੇ ਕਿ ਮਾਂ ਦੇ ਰੂਪ ਵਿਚ ਔਰਤ ਇਕ ਅਜਿਹੇ ਵਿਹੜੇ ਸਮਾਨ ਹੈ ਜਿਸ ਦੀ ਕੋਈ ਦੀਵਾਰ ਨਹੀਂ। ਕੋਈ ਵੀ ਦੁਖੀ ਜਾਂ ਲੋੜਵੰਦ ਇਸ ਵਿਹੜੇ ਵਿਚ ਬਿਨਾਂ ਝਿਜਕ ਪ੍ਰਵੇਸ਼ ਕਰਕੇ ਆਪਣੀ ਮਾਂ ਤੋਂ ਖੁਸ਼ੀਆਂ ਪ੍ਰਾਪਤ ਕਰ ਸਕਦਾ ਹੈ। ਸਿੱਖ ਮਹਿਲਾ ਲਈ ਇਹ ਕਿਤਨਾ ਮਹੱਤਵਪੂਰਨ ਰੋਲ ਹੈ ਜੋ ਆਜ਼ਾਦੀ ਭਰਿਆ ਅਤੇ ਨਾਲ ਹੀ ਜ਼ਿੰਮੇਵਾਰੀ ਭਰਿਆ ਹੈ ਜਿਸ ਵਿਚ ਬਰਾਬਰੀ ਤੇ ਸਤਿਕਾਰ ਦੀ ਭਾਵਨਾ ਹੈ ਤੇ ਔਰਤ ਵਰਗ ਦੀ ਹਸਤੀ ਨੂੰ ਸਨਮਾਨਜਨਕ ਢੰਗ ਨਾਲ ਪ੍ਰਵਾਨ ਕਰਕੇ ਇਸ ਨੂੰ ਪਸਾਰ ਦੇਣ ਦੀ ਕਲਾ ਵੀ ਹੈ।

ਔਰਤ ਦੀਆਂ ਸਮੱਸਿਆਵਾਂ ਦੀ ਸਦੀਆਂ ਤੋਂ ਉਕਰੀ ਲੰਮੀ ਸੂਚੀ ਉਕਤ ਪ੍ਰਯਤਨਾਂ ਸਦਕਾ ਕੁਝ ਛੋਟੀ ਤਾਂ ਹੋਈ ਪਰ ਸਮਾਪਤ ਨਹੀਂ ਸੀ ਸਮਝੀ ਜਾ ਸਕਦੀ ਕਿਉਂਕਿ ਔਰਤਾਂ ਵਿਚ ਪਰਦੇ ਦੀ ਬੰਦਸ਼ ਹਾਲੇ ਕਾਇਮ ਸੀ। ਪਹਿਲੇ ਤਾਂ ਔਰਤ ਘਰ ਦੀ ਚਾਰ ਦੀਵਾਰੀ ਤੋਂ ਬਾਹਰ ਹੀ ਨਹੀਂ ਸੀ ਨਿਕਲ ਸਕਦੀ ਅਤੇ ਜੇ ਨਿਕਲਦੀ ਵੀ ਸੀ ਤਾਂ ਭਾਰੀ ਪਰਦੇ ਤੇ ਦੂਹਰੇ ਘੁੰਗਟ ਕਰਨੇ ਉਸ ਲਈ ਲਾਜ਼ਮੀ ਸਮਝੇ ਜਾਂਦੇ ਸਨ। ਗੁਰੂ ਅਮਰਦਾਸ ਜੀ ਨੂੰ ਇਹ ਵੀ ਨਾ ਭਾਇਆ। ਉਨ੍ਹਾਂ ਫਰਮਾਇਆ ਕਿ ਜੇ ਔਰਤ ਮਰਦ ਦੇ ਬਰਾਬਰ ਹੈ ਤਦ ਔਰਤ ਨੂੰ ਮਰਦ ਤੋਂ ਪਰਦਾ ਕਿਉਂ? ਪਰਦਾ ਅਧੀਨਗੀ ਦੀ ਨਿਸ਼ਾਨੀ ਸਮਝਦੇ ਹੋਏ ਉਨ੍ਹਾਂ ਹੁਕਮ ਦਿੱਤਾ ਕਿ ਕੋਈ ਬੀਬੀ ਅਗਰ ਪਰਦਾ ਕਰਕੇ ਜਾਂ ਘੁੰਡ ਕੱਢ ਕੇ ਉਨ੍ਹਾਂ ਦੇ ਦਰਬਾਰ ਵਿਚ ਦਰਸ਼ਨਾਂ ਲਈ ਆਵੇ ਤਾਂ ਉਸ ਨੂੰ ਆਉਣ ਤੋਂ ਵਰਜ ਦਿੱਤਾ ਜਾਵੇ ਅਤੇ ਕਿਹਾ ਜਾਵੇ ਕਿ ਪਰਦਾ ਜਾਂ ਘੁੰਡ ਔਰਤ ਦੀ ਆਜ਼ਾਦਾਨਾ ਹਸਤੀ ਨੂੰ ਗ੍ਰਹਿਣਤ ਕਰਦੇ ਹਨ, ਇਸ ਲਈ ਇਨ੍ਹਾਂ ਦੀ ਸਿੱਖ ਸਮਾਜ ਵਿਚ ਜ਼ਰੂਰਤ ਨਹੀਂ। ਗੁਰੂ ਸਾਹਿਬ ਨੇ ਔਰਤ ਵਰਗ ਨੂੰ ਸਮਝਾਂਦਿਆਂ ਇਹ ਵੀ ਤਾਕੀਦ ਕੀਤੀ ਕਿ ਬੀਬੀਆਂ ਲਈ ਪਰਦਾ ਸ਼ਰਮ ਹਯਾ ਦਾ ਹੋਣਾ ਚਾਹੀਦਾ ਹੈ ਜੋ ਕਿ ਉਨ੍ਹਾਂ ਦਾ ਲਾਸਾਨੀ ਗੁਣ ਹੈ। ਗੁਰੂ ਸਾਹਿਬ ਦੇ ਇਨ੍ਹਾਂ ਠੋਸ ਪ੍ਰਯਤਨਾਂ ਸਦਕਾ ਸਿੱਖ ਔਰਤਾਂ ਵਿੱਚ ਸਵੈ-ਮਾਣ ਅਤੇ ਸਵੈ-ਭਰੋਸਗੀ ਵਧੀ ਜਿਸ ਨਾਲ ਕੌਮ ਹੋਰ ਬਲਵਾਨ ਹੋਈ।

ਇਸ ਤਰ੍ਹਾਂ ਸਿੱਖ ਗੁਰੂ ਸਾਹਿਬਾਨ ਦੇ ਪ੍ਰਵਰਤਨੀ ਬਚਨਾਂ, ਆਦੇਸ਼ਾਂ ਤੇ ਕਰਮਾਂ ਸਦਕਾ ਔਰਤ ਦੀ ਮੰਦਹਾਲੀ ਉਤੇ ਸੋਚ ਵਿਚਾਰ ਹੋਣ ਲੱਗੀ ਤੇ ਬਾਇੱਜ਼ਤ ਇਨਸਾਨਾਂ ਦਾ ਇਸ ਪ੍ਰਤੀ ਵਿਚਾਰ ਕੁਝ ਦੋਯਾ ਵਾਲਾ, ਕੁਝ

ਹਮਦਰਦੀ ਵਾਲਾ ਤੇ ਕੁਝ ਪਿਆਰ ਸਤਿਕਾਰ ਵਾਲਾ ਹੋਣਾ ਸ਼ੁਰੂ ਹੋਇਆ। ਜਿਥੇ ਤੱਕ ਸਿੱਖ ਸਮਾਜ ਦਾ ਸਬੰਧ ਹੈ ਉਥੇ ਇਸ ਦੀ ਹਸਤੀ ਮਰਦ ਦੇ ਨਾਲ ਉਸ ਦੇ ਸ਼ਾਨੇ-ਬਸ਼ਾਨੇ ਖੜ੍ਹ ਕੇ ਮਾਨਵਤਾ ਦੀ ਬਿਹਤਰੀ ਦੀ ਭਾਵਨਾ ਜਗਾਉਣ ਵਿਚ ਆਪਣਾ ਨਿਰਾਲਾ ਯੋਗਦਾਨ ਪਾਉਣ ਵਿਚ ਉਭਰ ਕੇ ਸਾਹਮਣੇ ਆਉਣ ਲੱਗੀ।

ਗੁਰੂ ਸਾਹਿਬਾਨ ਵੱਲੋਂ ਚਲਾਈ 'ਔਰਤ ਸਨਮਾਨ ਲਹਿਰ' ਨੂੰ ਮਗਰੋਂ ਨਾਮਧਾਰੀ ਸਿੰਘਾਂ ਨੇ ਆਪਣੇ ਹੱਥਾਂ ਵਿਚ ਲੈ ਕੇ ਇਸ ਖੇਤਰ ਵਿਚ ਸ਼ਲਾਘਾਯੋਗ ਹਿੱਸਾ ਪਾਇਆ। ਬਾਬਾ ਰਾਮ ਸਿੰਘ ਹੋਰਾਂ ਨੇ ਤਾਂ ਔਰਤਾਂ ਨੂੰ ਅੰਮ੍ਰਿਤ ਛਕਾਉਣ, ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਬੈਠ ਕੇ ਕੀਰਤਨ ਕਰਨ ਅਤੇ ਜਥੇਦਾਰ ਦੇ ਰੂਪ ਵਿਚ ਅਗਵਾਈ ਕਰਦਿਆਂ ਹੋਇਆਂ ਧਰਮ ਪ੍ਰਚਾਰ ਕਰਨ ਦੀ ਵੀ ਭਰਵੀਂ ਹੱਲਾਸ਼ੇਰੀ ਦਿੱਤੀ। ਇਸ ਸਿਲਸਿਲੇ ਵਿਚ ਮਾਈ ਹੁਕਮੀ (ਹੁਕਮ ਕੌਰ) ਮਾਈ ਖੇਮ ਕੌਰ ਆਦਿ ਦੇ ਨਾਂਅ ਵਰਨਣਯੋਗ ਹਨ ਜੋ ਬਹਾਦਰੀ, ਤਿਆਗ, ਕੁਰਬਾਨੀ ਅਤੇ ਦਯਾ ਦੀਆਂ ਮੂਰਤੀਆਂ ਬਣ ਕੇ ਸਿੱਖ ਸੰਸਾਰ ਵਿਚ ਉਜਾਗਰ ਹੋਈਆਂ। ਇਨ੍ਹਾਂ ਦੀਆਂ ਸਰਗਰਮੀਆਂ ਨੇ ਬੀਬੀਆਂ ਨੂੰ ਮਰਦਾਂ ਦੇ ਨਾਲ ਨਾਲ ਕਰਮਸ਼ੀਲ ਹੋਣ ਲਈ ਤੇ ਅੱਗੇ ਵਧਣ ਦੀ ਪ੍ਰੇਰਨਾ ਦਿੱਤੀ। ਸਿੱਖਾਂ ਦੇ ਔਰਤਾਂ ਪ੍ਰਤੀ ਇਸ ਹਮਦਰਦਾਨਾ ਪ੍ਰਚਾਰ ਸਦਕਾ ਇਹ ਗੱਲ ਪੰਜਾਬ ਦੀ ਫ਼ਿਜ਼ਾ ਵਿਚ ਗੂੰਜਣ ਲੱਗ ਪਈ ਕਿ

*ਨਾਰੀ ਨਿੰਦਾ ਮਤ ਕਰੋ ਨਾਰੀ ਨਰ ਦੀ ਕਾਨ* (ਖਾਣ)
*ਨਾਰੀ ਤੇ ਨਰ ਉਪਜੈ ਧਰੂ, ਪ੍ਰਹਿਲਾਦ ਸਮਾਨ*

ਅਤੇ ਇਸ ਤਰ੍ਹਾਂ ਕੁੜੀ ਦੇ ਜੰਮਣ ਤੇ ਅਤੇ ਮਰਦ ਦੇ ਮਰਨ ਤੇ ਜੋ ਬਦਸ਼ਗਣੀ ਦਾ ਘੜਾ ਭੰਨਿਆ ਜਾਂਦਾ ਸੀ ਉਸ ਵਿਚ ਢੁਕਵਾਂ ਸੁਧਾਰ ਹੋਇਆ ਤੇ ਪੇਂਡੂ ਜਗਤ ਵਿਚ ਪ੍ਰਚਲਤ ਨਿਮਨ ਭਾਵਨਾ ਨੂੰ ਕਾਫੀ ਠੇਸ ਪਹੁੰਚੀ :

*ਜਬ ਹੂਆ ਸ਼ੇਰ ਸਿੰਘ ਤੋ ਬਜੀ ਥਾਲੀ*
*ਜਬ ਹੂਈ ਦੁਲਾਰੀ ਤੋ ਫੂਟਾ ਠੀਕਰਾ*

ਜੇ ਗੁਰੂ ਕਾਲ ਸਮੇਂ ਦੇ ਸਿੱਖ ਸਮਾਜ ਵਲ ਵੀ ਝਾਤੀ ਮਾਰੀਏ ਤਾਂ ਗੁਰੂ ਨਾਨਕ ਦੇਵ ਜੀ ਦੀ ਪੂਜਨੀਕ ਭੈਣ ਬੇਬੇ ਨਾਨਕੀ, ਗੁਰੂ ਅੰਗਦ ਦੇਵ ਜੀ ਦੀ ਸਪੁਤਰੀ ਬੀਬੀ ਅਮਰੋ, ਗੁਰੂ ਰਾਮਦਾਸ ਜੀ ਦੀ ਸੁਪਤਨੀ ਬੀਬੀ ਭਾਨੀ, ਗੁਰੂ ਹਰਿਗੋਬਿੰਦ ਸਾਹਿਬ ਦੀ ਮਾਤਾ, ਮਾਤਾ ਗੰਗਾ, ਗੁਰੂ ਗੋਬਿੰਦ ਸਿੰਘ

ਸਾਹਿਬ ਦੀ ਮਾਤਾ, ਮਾਤਾ ਗੁਜਰੀ ਤੇ ਮਹਿਲ ਮਾਤਾ ਸੁੰਦਰੀ, ਜੀਤੋ ਤੇ ਸਾਹਿਬ ਕੌਰ ਜੀ ਅਜਿਹੀਆਂ ਮਹਾਨ ਇਸਤਰੀਆਂ ਭਾਰਤ ਦੇ ਇਤਿਹਾਸ ਤੇ ਉਜਾਗਰ ਹੋਈਆਂ ਦਿਸਦੀਆਂ ਹਨ ਜਿਨ੍ਹਾਂ ਦੇ ਨਾਂ ਉਨ੍ਹਾਂ ਦੀ ਅਜ਼ੀਮ-ਉਲ-ਸ਼ਾਨ ਸ਼ਖ਼ਸੀਅਤ ਕਾਰਨ ਤੇ ਦੇਸ਼ ਕੌਮ ਦੀ ਵਿਗੜੀ ਹਾਲਤ ਲਈ ਕੀਤੀਆਂ ਸੇਵਾਵਾਂ ਤੇ ਕੁਰਬਾਨੀਆਂ ਕਾਰਨ ਹਮੇਸ਼ਾ ਲਈ ਸੁਨਹਿਰੀ ਅੱਖਰਾਂ ਵਿਚ ਲਿਖੇ ਜਾਂਦੇ ਰਹਿਣਗੇ। ਜਦ ਸਿੱਖ ਸਮਾਜ ਤੇ ਰਹੁ-ਰੀਤੀ ਵਿਚ ਇਸਤਰੀ ਨੂੰ ਵੀ ਮਰਦ ਦੇ ਬਰਾਬਰ ਸਗੋਂ ਮਰਦ ਤੋਂ ਅੱਗੇ ਸਮਝਣ ਦੀ ਪਿਰਤ ਪੈ ਗਈ ਤਾਂ ਇਤਿਹਾਸ ਗਵਾਹ ਹੈ ਸਿੱਖ ਸੂਰਬੀਰ ਬੱਚੀਆਂ ਨੇ ਆਪਣੇ ਪਤੀਆਂ, ਪੁੱਤਰਾਂ, ਭਰਾਵਾਂ ਨਾਲ ਮੋਢੇ ਨਾਲ ਮੋਢਾ ਡਾਹ ਕੇ ਮੈਦਾਨੇ-ਜੰਗ ਵਿਚ ਦੁਸ਼ਮਣਾਂ ਦੇ ਦੰਦ ਖੱਟੇ ਕਰਨ ਵਿਚ ਕੋਈ ਕਸਰ ਨਹੀਂ ਛੱਡੀ। ਸਿੱਖੀ ਸਿਦਕ ਦੀਆਂ ਧਾਰਨੀ ਸਿੰਘਣੀਆਂ ਨੇ ਜਾਬਰਾਂ ਦੀਆਂ ਜੇਲ੍ਹਾਂ ਵਿਚ ਸਵਾ ਸਵਾ ਮਣ ਦੇ ਪੀਸਣੇ ਪੀਸੇ, ਆਪਣੇ ਬੱਚਿਆਂ ਦੇ ਟੁੱਕੜੇ ਟੁੱਕੜੇ ਕਰਵਾ ਕੇ ਗਲਾਂ ਵਿਚ ਹਾਰ ਪਵਾਏ ਤੇ ਖੰਨੀ ਖੰਨੀ ਰੋਟੀ ਤੇ ਗੁਜ਼ਾਰਾ ਕੀਤਾ ਅਤੇ ਅਕਾਲਪੁਰਖ ਦੇ ਭਾਣੇ ਨੂੰ ਖਿੜੇ ਮੱਥੇ ਮਿੱਠਾ ਕਰਕੇ ਮੰਨਿਆ ਅਤੇ ਇਹੀ ਕਾਰਨ ਹੈ ਕਿ ਉਨ੍ਹਾਂ ਦੇ ਇਤਨੇ ਉੱਚੇ ਸੁੱਚੇ ਇਖਲਾਕ ਤੇ ਸਿੱਖੀ ਜੀਵਨ ਵਿਚ ਪ੍ਰਪੱਕ ਹੋਣ ਕਾਰਨ ਸਿੱਖਾਂ ਦੀ ਨਿਤ ਦੀ ਅਰਦਾਸ ਵਿਚ ਇਨ੍ਹਾਂ ਸੂਰਬੀਰ ਬਹਾਦਰ ਤਿਆਗਣਾਂ ਤੇ ਵੀਰਾਂਗਣਾਂ ਦਾ ਸ਼ਾਨਦਾਰ ਤੇ ਗੌਰਵਮਈ ਵਰਨਣ ਆਉਂਦਾ ਹੈ ਜਿਨ੍ਹਾਂ ਨੇ ਆਪਣੀ ਹਿੰਮਤ ਤੇ ਉੱਚ-ਪਾਏ ਵਾਲੇ ਜੀਵਨ ਸਦਕਾ ਇਤਿਹਾਸ ਨੂੰ ਨਵੀਂ ਸੇਧ ਦਿੱਤੀ ਤੇ ਮਹਿਲਾ ਵਰਗ ਨੂੰ ਮਾਣਜਨਕ ਗੌਰਵ ਬਖਸ਼ਿਆ।

ਸਿੱਖ ਇਤਿਹਾਸ ਦੇ ਪੰਨੇ ਵਾਚਣ ਤੇ ਸਾਨੂੰ ਮਾਈ ਭਾਗੋ, ਸਰਦਾਰਨੀ ਹਰਿ ਕੌਰ, ਮਾਈ ਸਦਾ ਕੌਰ, ਮਹਾਰਾਣੀ ਜਿੰਦਾ ਦੇ ਅਜਿਹੇ ਸੂਰਬੀਰ ਚਿਤਰਨ ਮਿਲਦੇ ਹਨ ਜਿਨ੍ਹਾਂ ਨੇ ਦਿਲ ਦਿਮਾਗ ਦੀ ਸ਼ਕਤੀ ਅਤੇ ਜ਼ਹਿਨ ਦੀ ਪ੍ਰਫੁਲਤਾ ਸਦਕਾ ਚੰਗੇ ਸ਼ਾਸਕ ਤੇ ਅਗਵਾਈ ਕਰਤਾ ਬਣ ਕੇ ਕੌਮ ਦੀ ਅਗਵਾਈ ਕਰਨ ਦਾ ਮਾਣ ਖੱਟਿਆ। ਗੁਰੂ ਸਾਹਿਬ ਵੱਲੋਂ ਦਰਸਾਏ ਬਰਾਬਰੀ ਦੇ ਮਾਰਗ ਤੇ ਚਲਦਿਆਂ ਹੋਇਆਂ ਸਿੱਖ ਸੂਰਬੀਰਨੀਆਂ, ਜ਼ਿੰਦਗੀ ਦੇ ਹਰ ਖੇਤਰ ਵਿਚ ਪੇਸ਼ ਪੇਸ਼ ਰਹੀਆਂ ਅਤੇ ਜਦ ਵੀ ਉਨ੍ਹਾਂ ਨੂੰ ਅਵਸਰ ਮਿਲਿਆ ਤਾਂ ਉਨ੍ਹਾਂ ਆਪਣੀ ਅਦੁਤੀ ਕਾਬਲੀਅਤ ਅਤੇ ਵਿਕਸਤ ਹਸਤੀ ਦਾ ਅਨੂਪਮ ਪ੍ਰਦਰਸ਼ਨ ਕੀਤਾ। ਸਿੱਖ ਬੀਬੀਆਂ ਚੰਗੀਆਂ ਧੀਆਂ ਹੀ ਸਾਬਤ ਨਾ ਹੋਈਆਂ ਸਗੋਂ ਆਪਣੇ ਮਾਣਜਨਕ ਰੋਲ ਕਾਰਨ ਚੰਗੀਆਂ ਨੂੰਹਾਂ ਵੀ ਬਣੀਆਂ ਜਿਨ੍ਹਾਂ ਨੇ ਸਿੱਖ ਸਮਾਜਿਕ ਢਾਂਚੇ ਨੂੰ ਮਜ਼ਬੂਤ ਨੀਹਾਂ ਪ੍ਰਦਾਨ ਕੀਤੀਆਂ। ਜਿਥੇ ਤੱਕ ਵਿਦਿਆ

ਗ੍ਰਹਿਣ ਕਰਨ ਦਾ ਸਬੰਧ ਹੈ ਭਾਰਤੀ ਨਾਰੀਆਂ ਵਿਚੋਂ ਸਿੱਖ ਨਾਰੀ ਅੱਜ ਵੀ ਤੇ ਇਸ ਤੋਂ ਪਹਿਲੇ ਵੀ ਸਭ ਤੋਂ ਵੱਧ ਪੜ੍ਹੀ ਲਿਖੀ, ਸਿਹਤਮੰਦ ਤੇ ਖੁੱਲ੍ਹੇ-ਡੁੱਲ੍ਹੇ ਖਿਆਲਾਂ ਦੀ ਮਾਲਕ ਸਮਝੀ ਜਾਂਦੀ ਹੈ ਤੇ ਗੁਰੂ ਆਸ਼ੇ ਤੇ ਚਲਦੀ ਹੋਈ ਹਰ ਸਮੇਂ ਕਠਿਨ ਤੋਂ ਕਠਿਨ ਕਾਰਜ ਨੂੰ ਹੱਥ ਵਿਚ ਲੈ ਕੇ ਨੇਪਰੇ ਚਾੜ੍ਹਨ ਵਿਚ ਕਮਰਕਸਾ ਕਰੀ ਰੱਖਦੀ ਹੈ। ਕਵਿਤਰੀ ਅੰਮ੍ਰਿਤਾ ਪ੍ਰੀਤਮ ਹੋਵੇ, ਪ੍ਰਭਜੋਤ ਕੌਰ ਹੋਵੇ ਜਾਂ ਨਰਿੰਜਨ ਅਵਤਾਰ, ਸਾਹਿਤਕਾਰ ਦਲੀਪ ਕੌਰ ਟਿਵਾਣਾ ਹੋਵੇ ਜਾਂ ਮਨਜੀਤ ਕੌਰ ਟਿਵਾਣਾ, ਸੂਰਬੀਰ ਸੁੰਦਰੀ ਹੋਵੇ ਜਾਂ ਮਾਈ ਭਾਗੋ ਉਸ ਦੀ ਅਵਾਜ਼, ਉਸ ਦੇ ਸਾਹਸ ਵਿਚ ਕਮਜ਼ੋਰੀ ਨਹੀਂ, ਲਰਜ਼ਸ਼ ਨਹੀਂ। ਇਸ ਲਈ ਸਹਿਜੇ ਹੀ ਕਿਹਾ ਜਾ ਸਕਦਾ ਹੈ ਕਿ ਸਿੱਖੀ ਜੀਵਨ ਜਾਚ ਵਿਚ ਨਾਰੀ ਦਾ ਸਥਾਨ ਬੜਾ ਅਣਖ ਵਾਲਾ, ਮਾਣਯੋਗ ਤੇ ਸਤਿਕਾਰਯੋਗ ਹੈ ਪਰ ਇਸ ਦੇ ਉਲਟ ਅੱਜ ਵੀ ਵਿਸ਼ਵ ਭਰ ਦੀਆਂ ਔਰਤਾਂ ਬਹੁਤ ਸਾਰੇ ਖੇਤਰਾਂ ਵਿਚ ਮਰਦਾਂ ਤੋਂ ਬਹੁਤ ਪਛੜੀਆਂ ਹੋਈਆਂ ਜ਼ਿੰਦਗੀ ਬਤੀਤ ਕਰ ਰਹੀਆਂ ਹਨ। ਉਨ੍ਹਾਂ ਦੀ ਸੁਰੱਖਿਆ ਤੇ ਉਨ੍ਹਾਂ ਦੇ ਉਥਾਨ ਲਈ ਯੂ. ਐਨ. ਓ. ਵਰਗੀਆਂ ਸੰਸਥਾਵਾਂ ਵੱਲੋਂ ਵੀ ਸਭ ਦਾ ਧਿਆਨ ਖਿੱਚਣ ਲਈ ਸਮੇਂ ਸਮੇਂ ਤੇ ਉਚੇਚੇ ਉਪਰਾਲੇ ਕੀਤੇ ਜਾਂਦੇ ਹਨ। ਇਸੇ ਲਈ 1976 ਨੂੰ ਮਹਿਲਾਵਾਂ ਦਾ ਅੰਤਰਰਾਸ਼ਟਰੀ ਵਰ੍ਹਾ ਸਮਝ ਕੇ ਮਨਾਇਆ ਗਿਆ। 1991 ਨੂੰ 'ਬਾਲੜੀ ਵਰਸ਼' ਵਜੋਂ ਜਾਣਿਆ ਜਾਣ ਲੱਗਾ ਅਤੇ ਹਰ ਸਾਲ 8 ਮਾਰਚ ਨੂੰ ਔਰਤਾਂ ਦੇ ਅੰਤਰਰਾਸ਼ਟਰੀ ਦਿਨ ਵਜੋਂ ਮਨਾਇਆ ਜਾਂਦਾ ਹੈ ਜਿਸ ਵਿਚ ਇਸ ਗੱਲ ਨੂੰ ਉਜਾਗਰ ਕਰਨ ਦੇ ਪ੍ਰਯਤਨ ਕੀਤੇ ਜਾਂਦੇ ਹਨ ਕਿ ਔਰਤ ਨੂੰ ਸਮਾਜ ਵਿਚ, ਪ੍ਰਸ਼ਾਸਨ ਵਿਚ, ਘਰ ਵਿਚ ਮਰਦ ਦੇ ਬਰਾਬਰ ਦੀ ਖੁੱਲ੍ਹ ਦਿੱਤੀ ਜਾਵੇ ਤਾਂ ਜੋ ਉਹ ਵੀ ਇਸ ਸੰਸਾਰ ਵਿਚ ਕੁਝ ਸੁੱਖ ਦਾ ਸਾਹ ਲੈ ਸਕੇ। ਇਥੇ ਇਹ ਗੱਲ ਵਰਨਣਯੋਗ ਹੈ ਕਿ ਭਾਰਤ ਵਿਚ ਮਹਿਲਾਵਾਂ, ਲੋਕਸ਼ਾਹੀ ਰਾਜ ਵਿਚ ਆਪਣੀ ਹੋਂਦ ਬਣਾਈ ਰੱਖਣ ਹਿੱਤ 30% ਸੀਟਾਂ ਸੁਰੱਖਿਅਤ ਕਰਵਾਉਣ ਲਈ ਜਦੋ-ਜਹਿਦ ਕਰ ਰਹੀਆਂ ਹਨ ਪਰ ਸਿੱਖ ਧਰਮ ਦੀ ਪਾਰਲੀਮੈਂਟ ਜਿਸ ਨੂੰ ਅਸੀਂ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਭਾਵ SGPC ਕਹਿੰਦੇ ਹਾਂ ਦੀਆਂ ਹੋਈਆਂ ਚੋਣਾਂ ਵਿਚ ਸਭ ਤੋਂ ਪਹਿਲੇ 30% ਔਰਤਾਂ ਜ਼ਰੂਰ ਲਈਆਂ ਗਈਆਂ ਹਨ। ਇਵੇਂ ਸਿੱਖ ਬੀਬੀਆਂ ਦਾ ਵਿਸ਼ਵ ਮੰਚ ਤੇ ਸਾਖ ਤੇ ਮਾਣ ਵਧਿਆ ਹੈ।

ਔਰਤ, ਜੇਕਰ ਉਹ ਇਨਸਾਨੀ ਜ਼ਿੰਦਗੀ ਦਾ ਅੱਧ ਹੈ ਤਾਂ ਅਵੱਸ਼ ਹੀ ਉਹ ਇਨਸਾਨੀਅਤ ਦਾ ਬਿਹਤਰ ਅੱਧ ਹੈ, ਇਸ ਲਈ ਸਾਡੇ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਔਰਤ ਦੀ ਜ਼ਿੰਦਗੀ ਵਿਚ ਸੁੱਖ ਭਰੀਏ ਕਿਉਂਕਿ ਮਨੁੱਖਤਾ

ਦੇ ਸਰਬੰਗੀ ਵਿਕਾਸ ਵਿਚ ਔਰਤ ਦਾ ਵੀ ਵੱਡੀ ਮਾਤਰਾ ਵਿਚ ਲੈਣਾ ਦੇਣਾ ਮੌਜੂਦ ਹੈ ਤੇ ਉਹ ਵੀ ਸਾਡੀ ਬਰਾਬਰ ਦੀ ਭਾਈਵਾਲ ਹੈ। ਸਾਨੂੰ ਫਰਾਖ-ਦਿਲੀ ਨਾਲ ਹਰ ਉਹ ਉਪਰਾਲਾ ਜੋੜਨਾ ਚਾਹੀਦਾ ਹੈ ਜਿਹੜਾ ਔਰਤ ਵਰਗ ਲਈ ਹਿਤਕਾਰੀ, ਕਲਿਆਣਕਾਰੀ ਤੇ ਸੁਖਦਾਈ ਹੋਵੇ। ਅਜਿਹਾ ਕਰਕੇ ਅਸੀਂ ਔਰਤ ਜਾਤ ਤੇ ਕੋਈ ਅਹਿਸਾਨ ਜਾਂ ਰਿਆਇਤ ਨਹੀਂ ਕਰ ਰਹੇ ਹੋਵਾਂਗੇ, ਸਗੋਂ ਉਸ ਭਾਰੀ ਰਿਣ ਦਾ ਕੁਝ ਵਿਆਜ ਹੀ ਚੁਕਾ ਰਹੇ ਹੋਵਾਂਗੇ ਜਿਹੜਾ ਸਾਡੇ ਪੂਰਵਜਾਂ ਨੇ ਇਸ ਵਰਗ ਨਾਲ ਧੱਕਾ ਕਰਕੇ ਅਕਾਲਪੁਰਖ ਦੇ ਦਰਬਾਰ ਤੇ ਸਮਾਜ ਦੀਆਂ ਨਜ਼ਰਾਂ ਵਿਚ ਸੰਚਿਤ ਕੀਤਾ ਹੋਇਆ ਹੈ। ਕਿਸੇ ਵੀ ਹਾਲਤ ਵਿਚ ਇਹ ਸ਼ਬਦ ਸਾਡੇ ਚੇਤ ਅਚੇਤ ਮਨ ਤੋਂ ਪਰੇ ਨਹੀਂ ਹੋਣੇ ਚਾਹੀਦੇ ਕਿ ਜੇ ਰੱਬ ਹਰ ਕਿਸੇ ਨੂੰ ਸਾਖਿਆਤ ਦਰਸ਼ਨ ਨਹੀਂ ਦੇ ਸਕਦਾ ਤਦ ਇਸੇ ਲਈ ਹੀ ਸਾਨੂੰ ਸਾਰਿਆਂ ਨੂੰ ਉਸੇ ਨੇ ਮਾਂ ਦੀ ਦਾਤ ਬਖਸ਼ੀ ਹੈ ਜਿਹੜੀ ਸਾਰੀ ਉਮਰ ਆਪ ਔਖ ਝਲ ਕੇ ਸਾਡੇ ਜੀਵਨ ਨੂੰ ਸੁਖੀ ਸੁਹਾਵਣਾ ਬਣਾਉਣ ਦੇ ਨਾਲ ਨਾਲ ਅਸੀਸਾਂ ਤੇ ਸ਼ੁਭ ਕਾਮਨਾਵਾਂ ਦੁਆਰਾ ਅਪਸ਼ਗਨਾਂ ਤੇ ਕੁਝਿਤਣਾਂ ਤੋਂ ਸਾਨੂੰ ਬਚਾਈ ਰੱਖਦੀ ਹੈ ਤੇ ਸਾਨੂੰ ਸਦਾ ਆਪਣੀਆਂ ਠੰਢੀਆਂ ਛਾਵਾਂ ਤੇ ਨਿੱਘੀਆਂ ਅਸੀਸਾਂ ਦੇ ਓਡਣ ਵਿਚ ਸੰਭਾਲਦੀ ਤੇ ਪਾਲਦੀ ਹੈ। ਇਸ ਭਾਵਨਾ ਦੇ ਪ੍ਰਬਲ ਹੋਣ ਦੇ ਫਲਸਰੂਪ ਸਹਿਜੇ ਹੀ ਮਹਿਲਾ ਵਰਗ ਲਈ ਸਿਦਕੀ, ਸਤਿਕਾਰੀ ਤੇ ਸੁਹਿਰਦਤਾ ਪੂਰਨ ਸਦਭਾਵਨਾ ਤੇ ਖੈਰ-ਸਗਾਲੀ ਹੋਰ ਤੇਜ਼ੀ ਨਾਲ ਵਿਕਸਤ ਹੋਣ ਲੱਗ ਪਵੇਗੀ ਤੇ ਇਵੇਂ ਨਵੇਂ ਸਮਾਜ ਦਾ ਨਿਰਮਾਣ ਆਰੰਭ ਹੋਵੇਗਾ ਜਿਸ ਵਿਚ ਜਿਊਣ ਦਾ ਇਕ ਵੱਖਰਾ ਹੀ ਆਨੰਦ ਹੈ। ਉਕਤ ਦੀ ਅਣਹੋਂਦ ਵਿਚ ਇਹ ਵਿਸ਼ੇਸ਼ਣਾਂ ਨਾਲ ਭਰੇ ਫਰੇਬਕਾਰੀ ਵਾਕ ਕਿ 'ਜੇ ਔਰਤ ਨਾ ਹੁੰਦੀ ਤਾਂ ਇਹ ਵਿਸ਼ਵ ਵੀਰਾਨ ਹੁੰਦਾ' ਜਾਂ 'ਜਿਸ ਘਰ ਵਿਚ ਔਰਤ ਨਹੀਂ ਉਹ ਭੂਤਾਂ ਦਾ ਘਰ ਹੈ' ਕੇਵਲ ਢੰਗੋਸਲਾ ਬਣ ਕੇ ਮਰਦ ਦੀ ਔਰਤ ਪ੍ਰਤੀ ਮਕਾਰੀ ਦੇ ਸੂਚਕ ਹੋਣਗੇ ਜਿਨ੍ਹਾਂ ਨੂੰ 21ਵੀਂ ਸਦੀ ਦਾ ਸਮਾਜ ਅਪ੍ਰਵਾਨ ਕਰਕੇ ਮਰਦ ਜਾਤ ਨੂੰ ਘ੍ਰਿਣਾ ਕਰੇਗਾ। ਇਸ ਲਈ ਔਰਤ ਪ੍ਰਤੀ ਆਪਣੀ ਸੋਚ ਨੂੰ ਹੋਸ਼ ਦੀਆਂ ਨਜ਼ਰਾਂ ਨਾਲ ਵੇਖਣ ਵਿਚ ਹੀ ਮਰਦ ਜ਼ਾਤ ਦਾ ਕਲਿਆਣ ਹੈ।

*ਔਰਤ ਜ਼ਾਤ ਮਹਾਨ ਹੈ,*
*ਮਾਨਵਤਾ ਦੀ ਸ਼ਾਨ ਹੈ,*

ਸੁਖਿੰਦਰਪਾਲ ਸਿੰਘ ਅਲੱਗ

# 13

## ਅਜੋਕੇ ਸਿੱਖ ਨੌਜਵਾਨ ਦੀ ਦਸ਼ਾ ਤੇ ਦਿਸ਼ਾ

ਨੌਜਵਾਨ, ਕੌਮ ਦਾ ਸਰਮਾਇਆ ਹੁੰਦੇ ਹਨ, ਸ਼ਕਤੀ ਭੰਡਾਰ ਹੁੰਦੇ ਹਨ, ਨਵੇਂ ਤੇ ਉਸਾਰੂ ਮਨਸੂਬਿਆਂ ਦੇ ਉਸਰੱਈਏ ਹੁੰਦੇ ਹਨ। ਮਾਨਵਤਾ ਵਿਚ ਸ਼ਾਨਦਾਰ ਰਵਾਇਤਾਂ, ਸੰਸਕ੍ਰਿਤੀ ਤੇ ਧਰਮ ਦੀਆਂ ਉੱਚੀਆਂ ਸੁੱਚੀਆਂ ਕੀਮਤਾਂ ਕਦਰਾਂ ਦੇ ਪਹਿਰੇਦਾਰ ਹੋਣ ਕਾਰਨ ਸਭ ਆਸਾਂ ਉਮੀਦਾਂ ਇਨ੍ਹਾਂ ਦੀਆਂ ਹਸਤੀਆਂ ਨਾਲ ਜੋੜੀਆਂ ਜਾਂਦੀਆਂ ਹਨ।

ਜਿਥੇ ਤਕ ਸਿੱਖ ਕੌਮ ਦਾ ਸਬੰਧ ਹੈ, ਸਿੱਖ ਨੌਜਵਾਨ ਬੜਾ ਭਾਗਸ਼ਾਲੀ ਹੈ ਕਿ ਇਸਨੂੰ ਦਸ ਗੁਰੂ ਸਾਹਿਬਾਨ ਨੇ 239 ਸਾਲ ਦੀ ਨਿਰੰਤਰ ਅਮਲੀ ਟ੍ਰੇਨਿੰਗ ਅਤੇ ਅਗਵਾਈ ਨਾਲ ਸੁਸਿੱਖਿਅਤ ਕੀਤਾ ਹੈ। ਇਸਦੀ ਜ਼ਿੰਦਗੀ ਨਾਲ ਸਬੰਧਤ ਹਰ ਪਹਿਲੂ ਨੂੰ ਸਤਿਗੁਰਾਂ ਨੇ ਬੜੀ ਮਿਹਨਤ, ਲਗਨ, ਦੂਰ ਦ੍ਰਿਸ਼ਟਤਾ ਤੇ ਪਰ-ਉਪਕਾਰਤਾ ਨਾਲ ਸਜਾਇਆ, ਸੰਵਾਰਿਆ ਤੇ ਲਿਸ਼ਕਾਇਆ ਹੈ। ਖੁਦ ਅਗਵਾਈ ਬਖਸ਼ ਕੇ ਇਸਦੇ ਸਦਾਚਾਰ ਨੂੰ ਸੁੱਚਾ ਬਣਾਇਆ ਹੈ, ਕਰਦਾਰ ਨੂੰ ਉੱਚਾ ਬਣਾਇਆ ਹੈ, ਵਿਹਾਰ ਨੂੰ ਭਰੋਸਗੀ ਬਖਸ਼ੀ ਅਤੇ ਮਾਨਸਿਕ, ਸਰੀਰਕ ਅਤੇ ਆਤਮਿਕ ਬਲ ਵਿਚ ਪੁਖਤਗੀ, ਦ੍ਰਿੜ੍ਹਤਾ, ਹਲੀਮੀ ਤੇ ਨੇਕਨੀਤੀ ਦੀ ਪਾਹ ਚਾੜ੍ਹ ਕੇ ਅਦੁੱਤੀ ਸਥਿਤੀ ਪਰਦਾਨ ਕੀਤੀ ਹੈ। ਇਤਿਹਾਸ ਗਵਾਹ ਹੈ ਕਿ ਸਿੱਖ ਸੂਰਬੀਰਾਂ ਦੇ ਇਖਲਾਕ ਨੂੰ ਦੁਸ਼ਮਣ ਨੇ ਵੀ ਰਜ ਰਜ ਕੇ ਵਡਿਆਇਆ ਹੈ ਅਤੇ ਕਦੇ ਵੀ ਅਜਿਹੀ ਘਟਨਾ ਗੁਰਸਿੱਖੀ ਜੀਵਨ ਦੇ 500 ਸਾਲਾ ਇਤਿਹਾਸ ਵਿਚ ਨਹੀਂ ਘਟੀ ਮਿਲਦੀ ਜਿਥੇ ਸਿੱਖ ਨੇ ਆਪਣੇ ਜ਼ਾਤੀ ਹਿਤ ਕਾਰਨ ਕੋਈ ਅਨੈਤਕਤਾ ਵਾਲਾ ਕਰਮ ਕੀਤਾ ਹੋਵੇ। ਹਰ ਕੋਈ ਸਿੱਖ ਦੇ ਵਿਹਾਰ, ਇਖਲਾਕ ਤੇ ਸਦਾਚਾਰ ਤੇ ਮਾਣ ਕਰਦਾ ਹੈ ਅਤੇ ਹਿੰਦੂ, ਮੁਸਲਮਾਨ, ਅੰਗਰੇਜ਼ ਇਤਿਹਾਸਕਾਰਾਂ ਨੇ ਸਿੱਖ ਸੂਰਮਿਆਂ ਦੇ ਬਹੁ ਪਰਕਾਰੀ ਵਸਫਾਂ ਦੀ ਭਰਪੂਰ ਸ਼ਲਾਘਾ ਕੀਤੀ ਹੈ। ਦਸ ਗੁਰੂ ਸਾਹਿਬ ਦੀ ਲੰਮੀ ਤੇ ਸੁਚਾਰੂ ਟ੍ਰੇਨਿੰਗ ਕਾਰਨ ਅਤੇ ਗੁਰੂ ਗ੍ਰੰਥ ਸਾਹਿਬ ਤੋਂ ਲਾਸਾਨੀ ਅਗਵਾਈ ਪ੍ਰਾਪਤ ਕਰਨ ਕਾਰਨ ਕਿਸੇ ਵੀ ਸਮੇਂ ਵਿਚ ਸਿੱਖ ਨੇ ਆਪਣੀ ਗੌਰਵਮਈ ਰਹੁ-ਰੀਤੀ ਤੇ ਰੱਤੀ ਮਾਤਰ ਵੀ ਆਂਚ ਨਹੀਂ ਆਉਣ ਦਿੱਤੀ ਸਗੋਂ ਹਾਲਾਤਾਂ ਦੀ ਮੰਗ ਨੂੰ

ਦੇਖਦਿਆਂ ਹੋਇਆਂ ਨਾਮਵਰ ਸ਼ਹੀਦੀਆਂ ਪ੍ਰਾਪਤ ਕਰਕੇ, ਆਪਣੇ ਸੁੱਖਾਂ ਦਾ ਬਲੀਦਾਨ ਦੇ ਕੇ ਗੁਰਸਿੱਖੀ ਜੀਵਨ ਜਾਚ ਦੀ ਆਭਾ ਵਿਚ ਨਵਾਂ ਤੇ ਸ਼ਾਨਦਾਰ ਅਧਿਆਏ ਜੋੜ ਕੇ ਆਪਣਾ ਯੋਗਦਾਨ ਪਾਇਆ ਹੈ ਤੇ ਲਗਾਤਾਰ ਪਾਉਂਦਾ ਆ ਰਿਹਾ ਹੈ।

ਅਜਿਹੀ ਮਾਣਮਤੀ ਪਰੰਪਰਾ ਦੇ ਹੁੰਦਿਆਂ ਹੋਇਆਂ ਅੱਜ ਸਿੱਖ ਨੌਜਵਾਨ ਆਪਣੇ ਗੁਰਸਿੱਖੀ ਜੀਵਨ ਤੇ ਅਧਾਰਤ ਲਕਸ਼ ਤੋਂ ਭਟਕ ਜਿਹਾ ਗਿਆ ਹੈ। ਸਦਾਚਾਰ, ਨੇਕ ਵਿਹਾਰ, ਧਾਰਮਿਕ ਰਹੁ-ਰੀਤੀ ਤੋਂ ਉਹ ਦਿਨ ਪ੍ਰਤੀ ਦਿਨ ਦੂਰ ਹੁੰਦਾ ਜਾ ਰਿਹਾ ਹੈ। ਨਾਮ ਖੁਮਾਰੀ ਤੇ ਅੰਮ੍ਰਿਤਧਾਰੀ ਚੜ੍ਹਦੀ ਕਲਾ ਦੀ ਥਾਂ ਉਹ ਨਸ਼ਿਆਂ ਦੇ ਮਾਰੂ ਆਸਰਿਆਂ ਨਾਲ ਆਪਣੇ ਆਪ ਨੂੰ ਜੋੜ ਰਿਹਾ ਹੈ। ਜ਼ਰਦੇ, ਅਫ਼ੀਮ, ਹਸ਼ੀਸ਼, ਸ਼ਰਾਬ, ਭੰਗ, ਪੋਸਤ ਤੇ ਗੁਟਖੇ ਦਾ ਨਸ਼ਾ ਕਰਕੇ ਉਹ ਆਪਣੀ ਜ਼ਿੰਦਗੀ ਨੂੰ ਤੇਜ਼ੀ ਨਾਲ ਗ਼ਰਕ ਕਰਨ ਵਿਚ ਰੁਝਿਆ ਹੋਇਆ ਹੈ। ਟੀ.ਵੀ., ਫਿਲਮਾਂ ਤੇ ਭੈੜੇ ਲੱਚਰ ਸਾਹਿਤ ਦੇ ਪ੍ਰਭਾਵ ਕਾਰਨ ਉਹ ਅਸਲੀਅਤ ਨੂੰ ਛੱਡ ਕੇ ਬਨਾਵਟ ਦੀ ਜ਼ਿੰਦਗੀ ਨੂੰ ਵਧੇਰੇ ਪਸੰਦ ਕਰਨ ਲਗ ਪਿਆ ਹੈ। ਹਰੀ ਸਿੰਘ ਨਲੂਆ, ਬੰਦਾ ਸਿੰਘ ਬਹਾਦਰ, ਸੁੱਖਾ ਸਿੰਘ, ਮਹਿਤਾਬ ਸਿੰਘ ਵਰਗੇ ਸੂਰਬੀਰਾਂ ਦੇ ਜੀਵਨ ਮਾਰਗ ਨੂੰ ਛੱਡ ਕੇ ਉਹ ਫਿਲਮੀ ਹੀਰੋਜ਼ ਦੇ ਬਕਵਾਸੀ ਤੇ ਬਨਾਵਟੀ ਅਤੇ ਜੁਰਾਇਮ ਪੇਸ਼ਾ ਕਿਰਦਾਰਾਂ ਨੂੰ ਆਪਣਾ ਮਾਰਗ ਆਦਰਸ਼ ਬਣਾ ਕੇ ਭਟਕਣ ਦੀ ਜ਼ਿੰਦਗੀ ਬਤੀਤ ਕਰਨ ਵਲ ਅੱਗੇ ਵਧ ਰਿਹਾ ਹੈ। ਫਿਲਮੀ ਜ਼ਿੰਦਗੀ ਦੀ ਅਪਹੁੰਚ ਰੰਗੀਨੀ ਦੇ ਫਰੇਬ ਵਿਚ ਫਸ ਕੇ ਉਸਨੇ ਧਾਰਮਿਕ ਤੇ ਸਦਾਚਾਰਿਕ ਕੀਮਤਾਂ ਕਦਰਾਂ ਨੂੰ ਤਿਲਾਂਜਲੀ ਦੇ ਦਿੱਤੀ ਹੈ। ਗੁਰੂ ਦੀ ਮੋਹਰ ਕੇਸਾਂ ਨੂੰ ਜਿਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਅੰਮ੍ਰਿਤ ਦੇ ਛੱਟਿਆਂ ਨਾਲ ਪਵਿੱਤਰ ਕਰਕੇ ਉਸਨੂੰ ਸਰਦਾਰੀ ਤੇ ਸ਼ਹਾਨਾ ਮਰਦਾਊ ਸਰੂਪ ਬਖਸ਼ਿਆ ਸੀ, ਉਹ ਉਸ ਤੋਂ ਵੀ ਬੇਮੁਖ ਹੋ ਕੇ ਪਤਿਤਪੁਣੇ ਵਲ ਪ੍ਰੇਰਤ ਹੋ ਗਿਆ ਹੈ ਅਤੇ ਇਵੇਂ ਆਪਣੇ ਹੁਦਰੇਪਨ ਅਤੇ ਨਾ-ਸਮਝੀ ਕਾਰਨ ਉਹ ਆਪਣੇ ਧਰਮ ਦੀਆਂ ਮਹਾਨ ਕੀਮਤਾਂ ਕਦਰਾਂ ਨੂੰ ਤਹਿਸ ਨਹਿਸ ਕਰਨ ਵਿਚ ਕੋਈ ਕਸਰ ਨਹੀਂ ਛੱਡ ਰਿਹਾ। ਕੇਸਹੀਨ ਹੋ ਕੇ ਉਹ ਆਪਣੇ ਗੁਰਸਿੱਖ ਮਾਪਿਆਂ ਲਈ ਦੁਖ, ਸ਼ਰਮਸਾਰੀ ਤੇ ਪਰੇਸ਼ਾਨੀ ਦਾ ਕਾਰਨ ਬਣਦਾ ਜਾ ਰਿਹਾ ਹੈ। ਆਪਣੇ ਹੀ ਘਰ ਵਿਚ ਬੇਗ਼ਾਨਾ ਲਗਦਾ ਹੋਇਆ ਸਭ ਦੀ ਘਿਰਣਾ ਦਾ ਪਾਤਰ ਬਣ ਗਿਆ ਹੈ ਜਿਸ ਤੇ ਨਾ ਕੋਈ ਘਰ ਵਾਲਾ ਵਿਸ਼ਵਾਸ਼ ਕਰਦਾ ਹੈ ਤੇ ਨਾ ਹੀ ਕੋਈ ਬਾਹਰ

ਵਾਲਾ। ਜੇਕਰ ਉਹ ਕੇਸ ਕਟਵਾ ਕੇ ਅਤੇ ਨਸ਼ੇ ਕਰਕੇ ਗੁਰੂ ਦੀ ਆਗਿਆ ਵਿਚ ਨਹੀਂ ਰਿਹਾ ਤਾਂ ਉਹ ਮਾਪਿਆਂ ਜਾਂ ਸਮਾਜ ਦਾ ਕਿਤਨਾ ਕੁ ਖੈਰਖਾਹ ਹੋ ਸਕਦਾ ਹੈ। ਇਹ ਸਭ ਦੇ ਸਾਹਮਣੇ ਹੀ ਹੈ। ਸਿੱਖ ਨੌਜਵਾਨ ਦੀ ਪਤਿਤਪੁਣੇ ਦੀ ਇਸ ਮਾਰੂ ਪਰਵਿਰਤੀ ਨੂੰ ਦੇਖਦਿਆਂ ਹੋਇਆਂ ਕਵੀ ਇੰਦਰਜੀਤ ਸਿੰਘ ਵਾਸੂ ਉਸਨੂੰ ਸਮਝਾਂਦਿਆਂ ਕਹਿੰਦਾ ਹੈ ਕਿ ਤੂੰ ਆਪਣੇ ਕੇਸਾਂ ਦੀ ਸੰਭਾਲ ਕਰ ਕਿਉਂਕਿ :

*ਦਸਮੇਸ਼ ਦਾ ਸੁਪਨਾ ਨੇ ਕੇਸ, ਦਸਮੇਸ਼ ਦਾ ਫਰਮਾਨ ਨੇ*
*ਇਹ ਗੁਰੂ ਦੀ ਮੋਹਰ ਨੇ, ਸਿੱਖੀ ਸਿਦਕ ਐਲਾਨ ਨੇ*
*ਇਹ ਪਤ ਨੇ, ਇਹ ਆਬਰੂ, ਇਹ ਅਜ਼ਾਦੀ ਦਾ ਮਾਨ ਨੇ*
*ਇਹ ਰੂਹਾਨੀ ਚਿੰਨ੍ਹ ਨੇ, ਇਹ ਪ੍ਰੀਤਮ ਦਾ ਵਰਦਾਨ ਨੇ*
*ਇਹ ਸਿੱਖੀ ਦੀ ਅਣਖ ਨੇ, ਇਹ ਸਿੱਖੀ ਦਾ ਮਾਣ ਨੇ*
*ਇਹ ਸਿੱਖੀ ਦਾ ਤੇਜ ਨੇ, ਇਹ ਸਿੱਖੀ ਦੀ ਸ਼ਾਨ ਨੇ*
*ਇਹ ਸਿੱਖੀ ਦੇ ਕਾਫ਼ਲੇ ਦੀ ਵੱਖਰੀ ਜਹੀ ਪਹਿਚਾਣ ਨੇ*
*ਦੇ ਕੇ ਇਨ੍ਹਾਂ ਨੂੰ ਦਗ਼ਾ, ਨਾ ਬਿਪਰਨ ਰੀਤ ਚਾਲਿਓ*
*ਹੈ ਕੇਸਗੜ੍ਹ ਦਾ ਵਾਸਤਾ, ਸੁਣਿਓ ਐ ਕੇਸਾਂ ਵਾਲਿਓ*
*ਦਸਮੇਸ਼ ਦੀ ਇਸ ਦਾਤ ਨੂੰ, ਸੰਭਾਲਿਓ, ਸੰਭਾਲਿਓ*

ਸਿੱਖ ਨੌਜਵਾਨ ਦੀ ਅਧੋਗਤੀ ਦੀ ਹਾਲਤ ਦੇਖ ਕੇ ਸ. ਵਾਸੂ ਵਾਂਗਰਾਂ ਹਰ ਕਿਸੇ ਨੂੰ ਫਿਕਰ ਹੋਣੀ ਚਾਹੀਦੀ ਹੈ ਅਤੇ ਉਸਦੇ ਪਤਨ ਦੇ ਕਾਰਨ ਲੱਭ ਕੇ ਉਸਦੀ ਬਰਬਾਦੀ ਵਲ ਵਧਦੇ ਕਦਮਾਂ ਤੇ ਠੱਲ੍ਹ ਪਾਉਣੀ ਚਾਹੀਦੀ ਹੈ। ਇਸ ਸਿਲਸਿਲੇ ਵਿਚ ਮਾਂ ਬਾਪ ਤੋਂ ਲੈ ਕੇ ਧਰਮ ਦੇ ਠੇਕੇਦਾਰਾਂ, ਪਰਚਾਰਕਾਂ, ਸਮਾਜ ਸੁਧਾਰਕਾਂ, ਲੇਖਕਾਂ ਅਤੇ ਕੌਮੀ ਨੇਤਾਵਾਂ, ਭਾਵ ਸਾਰਿਆਂ ਨੂੰ ਇਸ ਮਾਰੂ ਸਥਿਤੀ ਤੇ ਕਾਬੂ ਪਾਉਣ ਲਈ ਪੂਰੀ ਸਨਸੈਰਟੀ ਤੇ ਸਦਭਾਵਨਾ ਨਾਲ ਮੈਦਾਨ ਵਿਚ ਉਤਰ ਕੇ ਗ਼ਰਕ ਹੋ ਰਹੇ ਸਿੱਖ ਨੌਜਵਾਨ ਦੀ ਸੰਭਾਲ ਕਰਨੀ ਚਾਹੀਦੀ ਹੈ। ਉਸਨੂੰ ਯੋਗ ਅਗਵਾਈ ਬਖਸ਼ ਕੇ ਦੋਬਾਰਾ ਮੁਖ ਧਾਰਾ ਵਿਚ ਲਿਆਉਣਾ ਚਾਹੀਦਾ ਹੈ ਤਾਕਿ ਕੌਮ ਦਾ ਅਜ਼ੀਮ ਸਰਮਾਇਆ ਇਹ ਜਵਾਨ ਵਰਗ ਆਪਣੀਆਂ ਰੁਚੀਆਂ, ਆਪਣੀਆਂ ਸ਼ਕਤੀਆਂ ਨੂੰ ਆਪਣੇ ਗੌਰਵਮਈ ਇਤਿਹਾਸ ਦੀ ਰੌਸ਼ਨੀ ਵਿਚ ਦੋਬਾਰਾ ਢਾਲ ਕੇ ਸੰਤ ਸਿਪਾਹੀ ਦੀ ਭੂਮਿਕਾ ਨਿਭਾਅ ਸਕੇ। ਜੇਕਰ ਇਸ ਖੇਤਰ ਵਿਚ ਯੋਗ, ਠੋਸ ਤੇ ਨਿਰੰਤਰ ਉਪਰਾਲੇ ਹਰ ਸੰਸਥਾ, ਹਰ ਸੁਹਿਰਦ ਇਨਸਾਨ ਵਲੋਂ ਜੁਟਾਏ ਗਏ ਤਾਂ ਇਸ

ਮਾੜੀ ਸਥਿਤੀ ਤੇ ਕਾਬੂ ਪਾਇਆ ਜਾ ਸਕਦਾ ਹੈ। ਆਓ ਸਾਰੇ ਰਲ ਕੇ ਪ੍ਰਯਤਨ ਕਰੀਏ ਤੇ ਅਰਦਾਸ ਵੀ ਕਿ ਭਟਕਿਆ ਸਿੱਖ ਨੌਜਵਾਨ ਵਾਪਸ ਆਪਣੇ ਸ਼ਕਤੀਸ਼ਾਲੀ ਸਰੋਤ ਨਾਲ ਜੁੜ ਕੇ ਬੱਬਰ ਸ਼ੇਰਾਂ ਵਾਲੀ ਭੂਮਿਕਾ ਨਿਭਾਏ ਤੇ ਸਵਾ ਲਾਖ ਸੇ ਏਕ ਲੜਾਓਂ ਵਾਲੀ ਸ਼ਕਤੀ ਦਾ ਧਾਰਨੀ ਬਣ ਕੇ ਵਿਸ਼ਵ ਭਰ ਵਿਚ ਆਪਣੀ ਪ੍ਰਭੁਤਾ ਦੇ ਝੰਡੇ ਬੁਲੰਦ ਕਰੇ। ਸਤਿਗੁਰ ਆਪ ਸਹਾਈ ਹੋਣਗੇ। ਸਿੱਖ ਨੌਜਵਾਨ ਨੂੰ ਇਹ ਗੱਲ ਕੰਠ ਕਰ ਲੈਣੀ ਚਾਹੀਦੀ ਹੈ ਕਿ :

*ਸਜਾਉਣੀ ਸੁਹਣੀ ਦਸਤਾਰ ਏ ਸੀਸ ਉਤੇ,*
*ਨੰਗੇ ਸਿਰ ਨਹੀਂ ਤੁਰਨੀ ਕੋਈ ਤੋਰ ਆਪਾਂ।*
*ਰਹਿਣੈ 'ਜਾਚਕ' ਸਦਾ ਹੀ ਸ਼ੇਰ ਬਣ ਕੇ,*
*ਨਹੀਂ ਗਿੱਦੜ ਜਾਂ ਬਣਨਾ ਕੁਝ ਹੋਰ ਆਪਾਂ।*

ਨਸ਼ਿਆਂ ਤੋਂ ਮੁਕਤ ਹੋ ਕੇ ਅਤੇ ਉਕਤ ਗੁਣਾਂ ਦਾ ਧਾਰਨੀ ਹੋ ਕੇ ਨੌਜਵਾਨ ਸਿੱਖ ਸੂਰਮਾ ਸੰਸਾਰ ਵਿੱਚ ਮਾਣਜਨਕ ਜੀਵਨ ਬਤੀਤ ਕਰ ਸਕੇਗਾ ਤੇ ਇਕ ਚੰਗਾ ਗਰਿਸਤੀ, ਵਧੀਆ ਗੁਰਸਿਖ ਤੇ ਇਕ ਇੱਜ਼ਤਦਾਰ ਨਾਗਰਿਕ ਅਖਵਾਏਗਾ ਨਹੀਂ ਤਾਂ ਉਸਦੀ ਸਾਰੀ ਜ਼ਿੰਦਗੀ ਭੰਭਲ ਭੂਸਿਆਂ ਵਿੱਚ ਹੀ ਗੁਜ਼ਰੇਗੀ। ਅਜਿਹੀ ਹਾਲਤ ਵਿੱਚ ਜੇ ਉਹ ਘਰ ਗਰਿਸਤੀ ਸਥਾਪਤ ਵੀ ਕਰੇਗਾ ਤਾਂ ਉਸ ਵਿੱਚ ਸੁਖ ਘਟ ਤੇ ਬਖੇੜੇ ਜ਼ਿਆਦਾ ਹੋਣਗੇ।

**ਦਹਿ ਸਿਵਾ ਵਰ ਮਹੋਏ ਇਹੈ**
**ਸ਼ੁਭ ਕਰਮਨ ਤੇ ਕਬਹੂੰ ਨ ਟਰੋਂ॥** *ਗੁਰੂ ਗੋਬਿੰਦ ਸਿੰਘ ਜੀ*

ਗਿਆਨੀ ਸਰੂਪ ਸਿੰਘ
ਪੰਥਕ
ਢਾਡੀ ਜੱਥਾ
98150-03075
ਪਿੰਡ ਕੜਿਆਲਾ ਤਹਿ. ਜ਼ਿਲ੍ਹਾ

# 14

## ਬੱਚਿਆਂ ਦੇ ਉੱਜਵਲ ਭਵਿੱਖ ਲਈ ਮਾਪਿਆਂ ਦਾ ਯੋਗਦਾਨ

ਹਰ ਮਾਂ ਬਾਪ ਦੀ ਦਿਲੀ ਇੱਛਾ ਹੁੰਦੀ ਹੈ ਕਿ ਉਨ੍ਹਾਂ ਦੇ ਬੱਚੇ ਸੰਸਾਰ ਵਿਚ ਸ਼ਾਨਦਾਰ ਭੂਮਿਕਾ ਨਿਭਾਉਣ, ਮਾਣ ਮੁਰਾਤਬਾ ਪਾਉਣ ਤੇ ਕੁਲ ਦਾ ਨਾਂ ਉੱਚਾ ਕਰਨ। ਇਹ ਮੰਤਵ ਆਪਣੇ ਆਪ ਵਿਚ ਬੜਾ ਉਤਸ਼ਾਹੀ ਹੈ ਜਿਸਦੀ ਪੂਰਤੀ ਵਿਚ ਮਾਪੇ ਹਰ ਹੀਲਾ ਵਸੀਲਾ ਵਰਤਦੇ ਹਨ, ਨਿੱਕੀ ਨਿੱਕੀ ਉਮਰ ਦੇ ਬੱਚਿਆਂ ਦੀਆਂ ਵੱਡੀਆਂ ਵੱਡੀਆਂ ਟਿਊਸ਼ਨਾਂ ਲਗਵਾ ਦੇਂਦੇ ਹਨ ਤੇ ਉਨ੍ਹਾਂ ਨੂੰ ਪੜ੍ਹਾਈ ਦੇ ਬੋਝ ਨਾਲ ਇਤਨਾ ਲੱਦ ਦੇਂਦੇ ਹਨ ਕਿ ਉਹ ਨਿੱਕੀ ਉਮਰੇ ਹੀ ਪਰੇਸ਼ਾਨ ਹੋਣ ਦੀ ਕਲਾ ਆਪਣੇ ਆਪ ਸਿੱਖ ਜਾਂਦੇ ਹਨ। ਬਸ ਇਥੋਂ ਹੀ ਬੱਚਾ ਭਟਕਣਾ ਸ਼ੁਰੂ ਕਰਦਾ ਹੈ ਅਤੇ ਮਾਪਿਆਂ ਦੇ ਉੱਚੇ ਉੱਚੇ ਬਣਾਏ ਉਸ ਪ੍ਰਤੀ ਪੜ੍ਹਾਈ ਮਨਸੂਬਿਆਂ ਦੀ ਪੂਰਤੀ ਲਈ ਉਹ ਹੱਥ ਪੈਰ ਮਾਰਦਾ ਹੈ ਪਰ ਬਹੁਤੀ ਵਾਰੀ ਉਸਨੂੰ ਕਾਮਯਾਬੀ ਨਹੀਂ ਮਿਲਦੀ। ਉਹ ਪੜ੍ਹਾਈ ਦੇ ਇਸ ਭਾਰੀ ਅਮਲ ਵਿਚ ਕਈ ਉਨ੍ਹਾਂ ਰਹੁ-ਰੀਤੀਆਂ ਤੇ ਸਮਾਜਿਕ, ਸੱਭਿਆਚਾਰਿਕ ਖ਼ੂਬੀਆਂ ਨੂੰ ਗ੍ਰਹਿਣ ਕਰਨੋਂ ਵੀ ਖੁੰਝ ਜਾਂਦਾ ਹੈ ਜਿਹੜੀਆਂ ਉਸਦੇ ਜੀਵਨ ਨੂੰ ਮੁਕੰਮਲ ਜੀਵਨ ਬਣਾਉਣ ਲਈ ਜ਼ਰੂਰੀ ਤੇ ਉਪਯੋਗੀ ਹੁੰਦੀਆਂ ਹਨ। ਸਭ ਤੋਂ ਪਹਿਲੇ ਉਹ ਧਾਰਮਿਕ ਰੁਚੀਆਂ ਤੋਂ ਅਵੇਸਲਾ ਹੋ ਜਾਂਦਾ ਹੈ ਤੇ ਫਿਰ ਸ਼ਿਸ਼ਟਾਚਾਰ ਦੇ ਗੁਣਾਂ ਤੋਂ ਆਪਣੇ ਆਪ ਨੂੰ ਖਾਲੀ ਸਮਝਣ ਲਗ ਜਾਂਦਾ ਹੈ। ਇਹ ਸਾਰੀ ਸਥਿਤੀ ਮਾਪਿਆਂ ਦੀਆਂ ਅੱਖਾਂ ਸਾਹਮਣੇ ਵਾਪਰਦੀ ਹੈ ਪਰ ਉਹ ਇਸਨੂੰ ਇਹ ਕਹਿ ਕੇ ਨਜ਼ਰ ਅੰਦਾਜ਼ ਕਰ ਦੇਂਦੇ ਹਨ ਕਿ ਬੱਚੇ ਉੱਤੇ ਪੜ੍ਹਾਈ ਦਾ ਬਹੁਤ ਬੋਝ ਹੈ ਇਸ ਲਈ ਉਸਨੂੰ ਹੋਰ ਕੁਝ ਕਰਨ ਦਾ ਵਿਹਲ ਹੀ ਨਹੀਂ ਮਿਲਦਾ। ਇਹ ਮਾਪਿਆਂ ਦੀ ਖਾਮ ਖਿਆਲੀ ਹੈ ਅਤੇ ਬੱਚੇ ਪ੍ਰਤੀ ਇਕ ਪਰਕਾਰ ਦੀ ਗ਼ਲਤ ਹਮਦਰਦੀ ਦਾ ਪ੍ਰਗਟਾਵਾ ਹੈ। ਮਨੋ-ਵਿਗਿਆਨੀਆਂ ਦਾ ਦੋ ਟੁਕ ਮਤ ਹੈ ਕਿ ਬੱਚੇ ਦੇ ਨਿਰਮਾਣ ਵਿਚ ਜੋ ਭੂਮਿਕਾ ਮਾਂ ਨਿਭਾਅ ਸਕਦੀ ਹੈ ਉਹ ਹੋਰ ਕੋਈ ਨਹੀਂ ਅਦਾ ਕਰ ਸਕਦਾ। ਉਸਨੂੰ ਤਿਆਰ ਕਰਨ, ਉਸਨੂੰ ਕੋਲ ਬਿਠਾ ਕੇ ਕੁਝ ਚੰਗੀਆਂ ਚੰਗੀਆਂ ਗੱਲਾਂ ਦੱਸਣ, ਆਪਣੇ ਧਰਮ, ਇਤਿਹਾਸ ਜਾਂ ਖਾਨਦਾਨ ਦੀਆਂ ਮਾਣਜਨਕ ਰਵਾਇਤਾਂ ਬੱਚੇ ਨਾਲ ਸਾਂਝੀਆਂ

ਕਰਨ ਲਈ ਮਾਂ ਪਾਸ ਸਮਾਂ ਹੀ ਨਹੀਂ ਹੈ ਜਾਂ ਉਹ ਇਤਨੀ ਤਕਲੀਫ਼ ਗਵਾਰਾ ਕਰਨਾ ਨਹੀਂ ਚਾਹੁੰਦੀ। ਬੱਚੇ ਨੂੰ ਨੌਕਰਾਣੀ ਦੇ ਹਵਾਲੇ ਕਰਕੇ ਉਹ ਸਮਝਦੀ ਹੈ ਕਿ ਉਹ ਮਾਂ ਦਾ ਚੰਗਾ ਫ਼ਰਜ਼ ਅਦਾ ਕਰ ਰਹੀ ਹੈ ਪਰ ਅਜਿਹਾ ਕਰਕੇ ਉਹ ਅਵੱਸ਼ ਹੀ ਬੱਚੇ ਨੂੰ ਆਪਣੀ ਮਮਤਾ ਤੋਂ ਪਰੇ ਕਰ ਰਹੀ ਹੈ, ਆਪਣੀ ਸੱਭਿਅਤਾ ਦੇ ਗੁਣਾਂ ਤੋਂ ਅਣਵਾਕਫ਼ ਰੱਖਣ ਦਾ ਕੋਝਾ ਰੋਲ ਅਦਾ ਕਰ ਰਹੀ ਹੁੰਦੀ ਹੈ ਕਿਉਂਕਿ ਆਪਣੀ ਜ਼ਿੰਦਗੀ ਦੇ ਪਹਿਲੇ ਸਾਲਾਂ ਵਿਚ ਬੱਚਾ ਜੋ ਕੁਝ ਮਾਂ ਤੋਂ ਸਿੱਖ ਸਕਦਾ ਹੈ ਉਹ ਹੋਰ ਕਿਸੇ ਪਾਸੋਂ ਨਹੀਂ ਸਿੱਖ ਸਕਦਾ। ਮਾਂ ਹੀ ਇਕ ਐਸਾ ਇਨਸਾਨ ਹੈ ਜਿਸ ਤੇ ਮਾਸੂਮ ਬੱਚੇ ਨੂੰ ਪੂਰਾ ਪੂਰਾ ਭਰੋਸਾ ਹੁੰਦਾ ਹੈ ਤੇ ਉਹ ਇਹ ਸਮਝਦਾ ਹੈ ਕਿ ਇਸਦੀ ਸਰਪਰਸਤੀ ਹੇਠ ਰਹਿ ਕੇ ਉਹ ਹਰ ਲਿਹਾਜ਼ ਨਾਲ ਸੁਰੱਖਿਅਤ ਹੈ। ਬੱਚੇ ਦੀ ਇਸ ਭਾਵਨਾ ਤੋਂ ਲਾਭ ਲੈਂਦਿਆਂ ਹੋਇਆਂ ਹਰ ਮਾਂ ਨੂੰ ਪੂਰੀ ਤਰ੍ਹਾਂ ਯਤਨ ਕਰਕੇ ਬੱਚੇ ਦੇ ਮਨ ਦੀ ਖਾਲੀ ਸਲੇਟ ਤੇ ਉੱਘੜਵੇਂ ਰੂਪ ਵਿੱਚ ਉਹ ਕੁਝ ਲਿਖ ਦੇਣਾ ਚਾਹੀਦਾ ਹੈ ਜੋ ਉਸਨੂੰ ਨੇਕ, ਸਦਾਚਾਰੀ ਤੇ ਧਾਰਮਿਕ ਤੌਰ ਤੇ ਸੁਘੜ ਇਨਸਾਨ ਬਣਾਉਣ ਲਈ ਜ਼ਰੂਰੀ ਹੈ। ਜੇ ਇਕ ਵਾਰੀ ਬੱਚੇ ਦੀਆਂ ਨੀਹਾਂ ਧਾਰਮਿਕ, ਸਮਾਜਿਕ ਤੇ ਸੱਭਿਆਚਾਰਿਕ ਪੱਖੋਂ ਪੱਕੀਆਂ ਹੋਣਗੀਆਂ ਫਿਰ ਉਹ ਜ਼ਿੰਦਗੀ ਵਿਚ ਵਿਸ਼ੈਲੀਆਂ ਰੁਚੀਆਂ ਦਾ ਪ੍ਰਭਾਵ ਗ੍ਰਹਿਣ ਨਹੀਂ ਕਰੇਗਾ। ਪਰ ਜੇਕਰ ਉਸ ਨਾਲ ਅਜਿਹਾ ਕੁਝ ਨਾ ਕੀਤਾ ਗਿਆ ਤਾਂ ਅਸੀਂ ਉਸਨੂੰ ਵਿਪਰੀਤ ਰੁਚੀਆਂ ਗ੍ਰਹਿਣ ਕਰਨ ਲਈ ਖੁੱਲ੍ਹੇ ਆਮ ਛੱਡ ਦਿੱਤਾ ਸਮਝੋ ਤੇ ਉਸ ਹਾਲਤ ਵਿਚ ਉਸਨੇ ਟੀ.ਵੀ. ਤੋਂ ਉਹ ਕੁਝ ਗ੍ਰਹਿਣ ਕਰ ਲੈਣਾ ਹੈ ਜੋ ਅਸ਼ਲੀਲ ਵੀ ਹੈ ਤੇ ਮਾਰੂ ਵੀ। ਕਹਿੰਦੇ ਹਨ ਜਦ ਬਾਬਾ ਫਰੀਦ ਜੀ ਦਾ ਜਨਮ ਹੋਇਆ ਤਾਂ ਉਨ੍ਹਾਂ ਪਹਿਲੇ 8, 10 ਘੰਟੇ ਮਾਂ ਦਾ ਦੁੱਧ ਨਾ ਚੁੰਘਿਆ। ਮਾਂ ਬੜੀ ਚਿੰਤਾਤੁਰ ਹੋਈ ਕਿ ਨਵ ਜੰਮਿਆ ਬੱਚਾ ਦੁੱਧ ਨਹੀਂ ਪੀ ਰਿਹਾ, ਕੀ ਬਣੇਗਾ। ਮਾਂ ਨੂੰ ਸਖ਼ਤ ਦੁਖੀ ਹਾਲਤ ਵਿਚ ਦੇਖਦਿਆਂ ਹੋਇਆਂ ਫਰੀਦ ਜੀ ਬੋਲ ਪਏ ਤੇ ਉਨ੍ਹਾਂ ਨੇ ਮਾਂ ਨੂੰ ਕਿਹਾ ਕਿ ਮਾਤਾ ਜਦ ਮੈਂ ਤੇਰੇ ਪੇਟ ਵਿਚ ਸੀ ਤਾਂ ਤੂੰ ਸਾਰਾ ਸਾਰਾ ਦਿਨ ਰੋਜ਼ਾ ਰਖਦੀ ਰਹਿੰਦੀ ਸੀ ਤੇ ਪਰਮਾਤਮਾ ਤੋਂ ਦਵਾਵਾਂ ਮੰਗਦੀ ਸੀ ਕਿ ਮੇਰਾ ਬੱਚਾ ਸਦਾਚਾਰੀ ਮਨੁੱਖ ਬਣੇ, ਧਾਰਮਿਕ ਪਰਵਿਰਤੀਆਂ ਦਾ ਮਾਲਕ ਹੋਵੇ, ਅੱਛਾ ਇਨਸਾਨ ਬਣੇ। ਤੇਰੀਆਂ ਇਨ੍ਹਾਂ ਸਾਰੀਆਂ ਇੱਛਾਵਾਂ ਤੇ ਅਰਦਾਸਾਂ ਦਾ ਮੇਰੇ ਤੇ ਇਤਨਾ ਅਸਰ ਪਿਆ ਕਿ ਮੈਂ ਵੀ ਤੇਰੇ ਪੇਟ ਵਿਚ ਰੋਜ਼ਾ ਰੱਖਣ ਲਗ ਪਿਆ ਸਾਂ ਤੇ ਹੁਣ ਵੀ ਮੈਂ ਰੋਜ਼ਾ ਰੱਖਿਆ ਹੋਇਆ ਹੈ ਇਸ ਲਈ ਤੂੰ ਚਿੰਤਾ ਨਾ ਕਰ, ਜਦ ਰੋਜ਼ਾ ਖੋਲ੍ਹਾਂਗਾ, ਜ਼ਰੂਰ ਦੁੱਧ ਪੀਆਂ ਗਾ। ਸਾਨੂੰ ਸਾਰਿਆਂ ਨੂੰ ਪਤਾ ਹੀ ਹੈ ਕਿ ਫਰੀਦ ਜੀ ਆਪਣੇ ਜੀਵਨ ਵਿਚ ਕਿਤਨੀ ਮਹਾਨ

ਸ਼ਖਸੀਅਤ ਦੇ ਰੂਪ ਵਿਚ ਉੱਭਰੇ ਜਿਨ੍ਹਾਂ ਨੇ ਮਾਨਵਤਾ ਵਿਚ ਪਿਆਰ, ਸਬਰ, ਸੰਤੋਖ, ਹਲੀਮੀ, ਸਦਾਚਾਰਿਕਤਾ, ਨੇਕ ਨੀਤੀ ਦੇ ਅਜਿਹੇ ਖ਼ੂਬਸੂਰਤ ਪੂਰਨੇ ਪਾਏ ਕਿ ਅੱਜ ਵੀ ਉਨ੍ਹਾਂ ਦੀ ਬਾਣੀ ਪੜ੍ਹ ਕੇ ਮਨ ਨੂੰ ਠੰਡਕ ਪਹੁੰਚਦੀ ਹੈ ਤੇ ਭਟਕੇ ਮਨ ਨੂੰ ਧਰਵਾਸ ਮਿਲਦਾ ਹੈ।

ਉਕਤ ਸਾਰੀ ਗੱਲ ਬਾਤ ਦਾ ਨਚੋੜ ਇਹੀ ਹੈ ਕਿ ਮਾਂ ਬਾਪ ਨੂੰ ਛੋਟੀ ਉਮਰ ਵਿਚ ਹੀ ਆਪਣੇ ਬੱਚੇ ਨੂੰ ਮਾਨਸਿਕ, ਆਤਮਿਕ ਤੇ ਸਿਸ਼ਟਾਚਾਰਿਕ ਪੱਖੋਂ ਬਲਵਾਨ ਬਣਾਉਣਾ ਚਾਹੀਦਾ ਹੈ ਤਾ ਕਿ ਉਸ ਦੀਆਂ ਨੀਹਾਂ ਪੱਕੀਆਂ ਹੋ ਸਕਣ ਤੇ ਉਹ ਜ਼ਿੰਦਗੀ ਵਿਚ ਕਿਸੇ ਵੀ ਸਥਿਤੀ ਦਾ ਸਾਹਮਣਾ ਕਰਨ ਲੱਗਿਆਂ ਨਾ ਡੋਲੇ। ਅਸੀਂ ਖ਼ੁਸ਼ਕਿਸਮਤ ਹਾਂ ਕਿ ਸਾਡੇ ਪਾਸ ਸਰਬਪੱਖੀ ਸਰਬ ਨਿਧਾਨ ਦੇ ਰੂਪ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਸਾਡੀ ਅਗਵਾਈ ਲਈ ਉਪਲੱਬਧ ਹਨ। ਸਾਨੂੰ ਹਰ ਹੀਲਾ ਵਸੀਲਾ ਵਰਤ ਕੇ ਆਪਣੇ ਬੱਚਿਆਂ ਨੂੰ ਗੁਰੂ ਗ੍ਰੰਥ ਸਾਹਿਬ ਦੇ ਲੜ ਲਾਉਣਾ ਚਾਹੀਦਾ ਹੈ। ਜੇਕਰ ਬੱਚਿਆਂ ਦਾ ਇਸ ਜੁਗੋ ਜੁਗ ਅਟੱਲ ਸ਼ਬਦ ਗੁਰੂ ਨਾਲ ਰਾਬਤਾ ਸਥਾਪਿਤ ਹੋ ਗਿਆ ਤਾਂ ਦੁਨੀਆਂ ਦੀ ਕੋਈ ਵੀ ਤਾਕਤ ਉਨ੍ਹਾਂ ਨੂੰ ਭਟਕਾ ਨਹੀਂ ਸਕੇਗੀ ਤੇ ਨਾ ਹੀ ਪਰੇਸ਼ਾਨ ਕਰ ਸਕੇਗੀ। ਇਸ ਲਈ ਸਾਡਾ ਸਾਰਿਆਂ ਦਾ ਅਵਲੀਨ ਫਰਜ਼ ਬਣਦਾ ਹੈ ਕਿ ਅਸੀਂ ਆਪਣੀ ਸੰਤਾਨ ਨੂੰ, ਮਾਸੂਮ ਬੱਚਿਆਂ ਨੂੰ, ਨੌਜਵਾਨ ਪੀੜ੍ਹੀ ਨੂੰ ਸੰਭਾਲੀਏ। ਉਨ੍ਹਾਂ ਦੇ ਜੀਵਨ ਵਿਚ ਅਜਿਹੇ ਗੁਣ ਭਰੀਏ ਜਿਹੜੇ ਉਨ੍ਹਾਂ ਨੂੰ ਵਧੀਆ, ਇਤਬਾਰੀ, ਕੁਸ਼ਲ ਤੇ ਸਿਦਕੀ ਇਨਸਾਨ ਬਣਾਉਣ ਵਿਚ ਸਹਾਈ ਸਿਧ ਹੋ ਸਕਣ। ਇਕ ਵਾਰੀ ਅਜਿਹਾ ਹੋ ਗਿਆ ਤਾਂ ਅਵੱਸ਼ ਹੀ ਅਸੀਂ ਆਪਣੀ ਅਗਾਮੀ ਨਸਲ ਨੂੰ ਹਰ ਲਿਹਾਜ਼ ਨਾਲ ਅਮੀਰ ਬਣਾ ਦਿੱਤਾ। ਇਸ ਫਰਜ਼ ਦੀ ਪੂਰਤੀ ਵਿਚ ਮਾਪਿਆਂ ਨੂੰ ਸੰਤੋਖ ਮਿਲੇਗਾ ਤੇ ਬੱਚਿਆਂ ਨੂੰ ਸੁਖ, ਸ਼ਾਂਤੀ ਤੇ ਸੁਹਿਰਦਤਾ ਮਿਲੇਗੀ। ਸਮੁੱਚਾ ਸਮਾਜ ਤੇ ਭਾਈਚਾਰਾ ਖੁਸ਼ਗਵਾਰ ਮਹੌਲ ਵਿਚ ਰੰਗਿਆ ਜਾਵੇਗਾ। ਫਿਰ ਲੁੱਟ ਖਸੁਟ ਤੇ ਘਪਲੇਬਾਜ਼ੀਆਂ ਦਾ ਦੌਰ ਸਮਾਪਤ ਹੋ ਸਕਦਾ ਹੈ ਅਤੇ ਇਨਸਾਨੀ ਜੀਵਨ ਪਰਮ ਸਰੇਸ਼ਠ ਜੀਵਨ ਵਜੋਂ ਉਭਰ ਕੇ ਸਾਹਮਣੇ ਆ ਸਕਦਾ ਹੈ ਜਿਸਦੀ ਅੱਜ ਸਭ ਤੋਂ ਵਧ ਲੋੜ ਹੈ।

*ਫਰਿਸ਼ਤੋਂ ਸੇ ਬਿਹਤਰ ਹੈ ਇਨਸਾਨ ਬਨਨਾ,*
*ਮਗਰ ਇਸ ਮੇਂ ਪੜਤੀ ਹੈ ਮਿਹਨਤ ਜ਼ਿਆਦਾ।*

# ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਉਪਲਬਧ ਪੁਸਤਕਾਂ :

| | |
|---|---|
| ਸਿੱਖੀ ਕੀ ਹੈ (ਪੰਜਾਬੀ, ਹਿੰਦੀ ਤੇ ਉਰਦੂ) | ਭੇਟਾ ਰਹਿਤ |
| ਮੋਰਚਾ ਗੁਰੂ ਕਾ ਬਾਗ | ਭੇਟਾ ਰਹਿਤ |
| ਮੁਸੀਬਤ ਸਮੇਂ ਖਾਲਸਾ | ਭੇਟਾ ਰਹਿਤ |
| ਏਡਜ਼ | ਭੇਟਾ ਰਹਿਤ |
| ਸਿੱਖ ਇਤਿਹਾਸ ਵਿੱਚ ਬੀਬੀਆਂ ਦਾ ਯੋਗਦਾਨ | ਭੇਟਾ ਰਹਿਤ |
| ਬੀਬੀਆਂ ਭੈਣਾਂ ਨੂੰ ਹਲੂਣਾ | ਭੇਟਾ ਰਹਿਤ |
| ਗਿਆਨੀ ਦਿਤ ਸਿੰਘ | ਭੇਟਾ ਰਹਿਤ |
| ਕੇਸ ਗੁਰੂ ਦੀ ਮੋਹਰ | ਭੇਟਾ ਰਹਿਤ |
| ਵਿਸ਼ਵ ਭਾਈਚਾਰੇ ਦਾ ਸਾਂਝਾ ਸੰਦੇਸ਼.... | ਭੇਟਾ ਰਹਿਤ |
| ਸਿੱਖ ਧਰਮ ਅਤੇ ਨਸ਼ਾਬੰਦੀ | ਭੇਟਾ ਰਹਿਤ |
| ਮੋਰਚਾ ਗੰਗਸਰ ਜੈਤੋ | ਭੇਟਾ ਰਹਿਤ |
| ਸਾਕਾ ਨਨਕਾਣਾ ਸਾਹਿਬ | ਭੇਟਾ ਰਹਿਤ |
| ਰਾਜ ਕਰੇਗਾ ਖਾਲਸਾ | ਭੇਟਾ ਰਹਿਤ |
| ਦਸਤਾਰ | ਭੇਟਾ ਰਹਿਤ |
| ਪਲੈ ਤੈਡੈ ਲਾਗੀ | ਭੇਟਾ ਰਹਿਤ |
| ਭਾਰਤ ਦੀ ਆਜ਼ਾਦੀ ਵਿੱਚ ਸਿੱਖਾਂ ਦਾ..... | ਭੇਟਾ ਰਹਿਤ |
| ਸਿੰਘ ਸਭਾਵਾਂ ਦਾ ਪਿਛੋਕੜ ਅਤੇ..... | ਭੇਟਾ ਰਹਿਤ |
| ਸਿੱਖ ਧਰਮ ਵਿੱਚ ਪਾਲੇਟਿਕਸ ਅਤੇ..... | ਭੇਟਾ ਰਹਿਤ |
| ਸੰਖੇਪ ਜੀਵਨ ਗੁਰੂ ਤੇਗ ਬਹਾਦਰ ਸਾਹਿਬ ਜੀ | 17.00 |
| ਦਿੱਲੀ ਦੇ ਇਤਿਹਾਸਕ ਗੁਰਦੁਆਰੇ | 10.00 |
| ਬਡੋ ਕਲੂ ਮਹਿ ਸਾਕਾ | 5.00 |
| ਪਰਿਵਾਰ ਤੇ ਨਿਕਟਵਰਤੀ ਮਾਤਾ ਸੁੰਦਰੀ ਜੀ | 40.00 |
| ਅਮਰ ਕਹਾਣੀ ਸ਼ੇਰੇ ਪੰਜਾਬ ਮ: ਰਣਜੀਤ ਸਿੰਘ | 20.00 |
| ਸੰਖੇਪ ਇਤਿਹਾਸ ਗੁ. ਸੀਸ ਗੰਜ ਸਾਹਿਬ | 4.00 |
| ਵਿਰਦੇ ਹੱਕ ਉਰਦੂ | 5.00 |
| ਦਸ ਗੁਰੂ- ਉਨ੍ਹਾਂ ਦੇ ਉਪਦੇਸ਼ | 5.00 |
| ਸੁੰਦਰ ਗੁਟਕਾ (ਪੰਜਾਬੀ) | 23.00 |
| ਸੁੰਦਰ ਗੁਟਕਾ (ਹਿੰਦੀ) | 20.00 |
| ਨਿਤਨੇਮ ਤੇ ਹੋਰ ਬਾਣੀਆਂ (ਪੰਜਾਬੀ ਤੇ ਹਿੰਦੀ) | 13.00 |
| ਸ਼ਬਦਾਰਥ | 300.00 |
| ਸੁਖਮਨੀ ਸਾਹਿਬ (ਪੰਜਾਬੀ) | 10.00 |
| ਸੁਖਮਨੀ ਸਾਹਿਬ (ਹਿੰਦੀ) | 10.00 |
| ਬਾਬਾ ਬਘੇਲ ਸਿੰਘ | 15.00 |
| ਸੰਥਾ ਸੈਂਚੀਆਂ ਗੁਰੂ ਗ੍ਰੰਥ ਸਾਹਿਬ (ਪ੍ਰਤੀ ਕਾਪੀ) | 75.00 |
| ਸਿੱਖ ਬੀਰਤਾ ਦੇ ਚਿੱਤਰ | 25.00 |
| ਸਿੱਖ ਧਰਮ ਦੀ ਮੁੱਢਲੀ ਪਛਾਣ (ਪੰਜਾਬੀ ਤੇ ਹਿੰਦੀ) | 5.00 |
| ਦਸ ਸਿੱਖ ਗੁਰੂ | 57.00 |
| ਇੱਕ ਖਤ ਭਾਈ ਤਾਰੂ ਸਿੰਘ ਦੇ ਨਾਮ (ਪੰਜਾਬੀ) | 45.00 |
| ਇਤਿਹਾਸ ਦਾ ਨਿਘ | 22.00 |
| ਜਨਮ ਸਾਖੀ (ਪੰਜਾਬੀ ਤੇ ਹਿੰਦੀ) | 150.00 |
| ਖਾਲਸਾ ਪੰਥ ਦੇ ਪੰਜ ਤਖ਼ਤ | 75.00 |
| ਖਾਲਸਾ ਮੇਰੋ ਰੂਪ | 113.00 |
| ਪੰਜਾਬ ਦੇ ਕੌਮੀ ਸ਼ਹੀਦ | 120.00 |
| ਹਰਿਮੰਦਰ ਸਾਹਿਬ ਅਤੇ ਮ. ਰਣਜੀਤ ਸਿੰਘ | 25.00 |
| ਪੰਜ ਪਿਆਰੇ-ਭਾਈ ਦਯਾ ਸਿੰਘ | 2.00 |
| ਵਾਰਾਂ ਭਾਈ ਗੁਰਦਾਸ ਸਟੀਕ | 150.00 |
| ਬਚਿਤਰ ਨਾਟਕ 10 ਪਾਤਸ਼ਾਹੀ (ਪੰਜਾਬੀ) | 98.00 |
| 10 ਪਾਤਸ਼ਾਹੀ (ਹਿੰਦੀ) | 113.00 |
| ਸਿੱਖ ਸਭਿਆਚਾਰ (ਹਿੰਦੀ) | 60.00 |
| ਸਿੰਘ ਸਭਾ ਲਹਿਰ | 2.00 |
| ਅਕਾਲੀ ਲਹਿਰ | 2.00 |
| 'ਅੰਤੇ ਸਤਿਗੁਰੁ ਬੋਲਿਆ' (ਰਾਮਕਲੀ ਸਦੁ) | 2.00 |
| The Turban | Free |
| What is Sikhism | Free |
| The Ten Holy Gurus & Their..... | 5.00 |
| Are Sikhs a Nation | 65.00 |
| A Brief Account of Sikh People | 18.00 |
| The Primary Introduction of Sikhs Religion | 5.00 |
| Shadatnama | 6.00 |
| The Sikh Faith | 15.00 |
| Jap Sahib Translation | 10.00 |
| Bhagat Saints of G. G. Sahib | 113.00 |
| Maharaja Ranjit Singh & Kohinoor Diamond | 245.00 |
| My Daily Prayer | 12.00 |
| On Sikh Identity | 38.00 |
| The Book of The Ten Master | 53.00 |
| The First Punjab War | 188.00 |
| Ten Sikh Gurus | 57.00 |
| Eminent Sikh Women | 150.00 |